# ਸੰਤ ਨਿਧਾਨ ਸਿੰਘ

## (ਹਜ਼ੂਰ ਸਾਹਿਬ)



ਸ: ਸਤਪਾਲ ਸਿੰਘ



ਸੰਤ ਬਾਬਾ ਦੀਵਾਨ ਸਿੰਘ ਜੀ



ਸੰਤ ਬਾਬਾ ਨਿਧਾਨ ਸਿੰਘ ਜੀ (ਨਡਾਲੋਂ)

# ਸੰਤ ਕਿਰਪਾਲ ਸਿੰਘ

ਸ: ਸਤਪਾਲ ਸਿੰਘ

ਸਤਿਗੁਰੂ ਪ੍ਰਸਾਦਿ

# ਬੇਨਤੀ

ਮਨੁੱਖ ਇਤਿਹਾਸ ਬਣਾਉਂਦਾ ਹੈ। ਇਹ ਵੀ ਸਚਾਈ ਹੈ ਕਿ ਇਤਿਹਾਸ ਮਨੁੱਖ ਨੂੰ ਮਹਾਨ ਬਣਾਉਂਦਾ ਹੈ। ਮਹਾਂਪੁਰਖ ਇਤਿਹਾਸ ਦੀ ਸੁਨਹਿਰੀ ਤਸਵੀਰ ਹਨ। ਪਰ ਜੇ ਮਹਾਂਪੁਰਖਾਂ ਦਾ ਇਤਿਹਾਸ ਨਾ ਲਿਖਿਆ ਜਾਵੇ ਤਾਂ ਸਮੇਂ ਦੀ ਧੂੜ ਪੈਣ ਨਾਲ ਉਹਨਾਂ ਦਾ ਅਸਲੀ ਚੇਹਰਾ ਪਛਾਣਿਆਂ ਨਹੀਂ ਜਾ ਸਕਦਾ। ਨਿਰਪੱਖ ਇਤਿਹਾਸ ਨਾ ਲਿਖੇ ਜਾਣ ਕਾਰਨ ਅਨੇਕ ਮਹਾਂਪੁਰਖਾਂ ਦੇ ਜੀਵਨ ਚਰਿਤ੍ਰ ਨੂੰ ਕਰਾਮਾਤਾਂ, ਪਰੀ ਦੇਵ ਕਹਾਣੀਆਂ, ਵਹਿਮਾਂ ਅਤੇ ਅਣਹੋਣੀਆਂ ਗੱਲਾਂ ਦੀ ਅਜੀਬ ਅਤੇ ਅਜਨਬੀ ਕਹਾਣੀ ਬਣਾ ਦਿੱਤਾ ਜਾਂਦਾ ਹੈ। ਸਪੁੱਤਰ ਨੂੰ ਸਭ ਲੋਕ ਆਪਣਾ ਪੁੱਤਰ ਕਹਿਣ ਵਿਚ ਮਾਣ ਅਤੇ ਗੌਰਵ ਸਮਝਦੇ ਹਨ ਪਰੰਤੂ ਮਾੜੇ ਪੁੱਤਰ ਨੂੰ ਅਸਲੀ ਬਾਪ ਵੀ ਪੁੱਤਰ ਕਹਿਣ ਵਿਚ ਬੇ-ਇਜ਼ਤੀ ਮਹਿਸੂਸ ਕਰਦਾ ਹੈ। ਬਾਬਾ ਸੰਤ ਨਿਧਾਨ ਸਿੰਘ ਜੀ ਦੇ ਜਨਮ ਅਸਥਾਨ ਬਾਰੇ ਕੁਝ ਲੋਕਾਂ ਭੁਲੇਖੇ ਇਸ ਹੀ ਕਾਰਨ ਪਾਏ ਹਨ। ਪਰ ਸਚਾਈ ਸਚਾਈ ਹੈ। ਸੂਰਜ ਪੂਰਬ ਵਲੋਂ ਚੜ੍ਹਦਾ ਹੈ ਅਤੇ ਚੜ੍ਹਦਾ ਰਹੇਗਾ। ਪ੍ਰਧਾਨ ਸੰਤ

ਨਿਧਾਨ ਸਿੰਘ ਯਾਦਗਾਰ ਪ੍ਰਬੰਧਕ ਕਮੇਟੀ, ਭਾਈ ਹਜ਼ਾਰੀ ਸਿੰਘ, ਬਾਈ ਬਚਿੰਤ ਸਿੰਘ ਅਤੇ ਜਥੇਦਾਰ ਕਰਤਾਰ ਸਿੰਘ ਨੇ ਸੇਵਕ ਨੂੰ ਇਹ ਜੀਵਨੀ ਲਿਖਣ ਵਿਚ ਸਹਿਯੋਗ ਦਿੱਤਾ ਹੈ। ਅਤੀ ਧੰਨਵਾਦੀ ਹਾਂ। ਮੇਰੇ ਭਰਾ ਮਹਿੰਦਰ ਸਿੰਘ ਨੇ "ਨਿਸ਼ਕਾਮ ਸੇਵਕ-ਸੰਤ ਬਾਬਾ ਨਿਧਾਨ ਸਿੰਘ" ਜੀਵਨੀ ਦੀ ਛਪਾਈ ਵਾਸਤੇ ਮਾਇਆ ਸੇਵਾ ਕਰਾਈ। ਸੇਵਕ ਅਤੀ ਧੰਨਵਾਦੀ ਹੈ। ਅੰਤ ਵਿਚ ਆਸ ਕਰਦਾ ਹਾਂ ਕਿ ਵਿਗਿਆਨਕ ਤਰੀਕੇ ਨਾਲ ਲਿਖੀ ਜੀਵਨੀ ਦੇ ਸ਼ਰਧਾ ਭਰੇ ਸੱਚੇ ਅਤੇ ਸੁੱਚੇ ਫੁੱਲਾਂ ਨੂੰ ਗੁਰੂ ਸੰਗਤ ਪ੍ਰਵਾਨ ਕਰੇਗੀ।

—ਸੇਵਕ—

**ਸਤਪਾਲ ਸਿੰਘ**

ਐਮ. ਏ., ਬੀ. ਐਡ.

ਪਿੰਡ ਨਡਾਲੋਂ,

ਜ਼ਿਲਾ ਹੁਸ਼ਿਆਰਪੁਰ

ਪੰਜਾਬ

ਮਿਤੀ

4.8.81

# ਦੂਜੀ ਅਡੀਸ਼ਨ

ਨਿਸ਼ਕਾਮ ਸੇਵਕ ਸੰਤ ਨਿਧਾਨ ਸਿੰਘ ਦੀ ਦੂਜੀ ਅਡੀਸ਼ਨ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਨਾਲ ਸੰਗਤ ਨੂੰ ਭੇਂਟ ਕੀਤੀ ਜਾਂਦੀ ਹੈ। ਗੁਰੂ ਸੰਗਤ ਵਲੋਂ ਭੇਜੇ ਸੁਝਾਉ ਪ੍ਰਵਾਨ ਹੋਏ ਹਨ ਅਤੇ ਗੁਰੂ ਸੰਗਤ ਦੀ ਇੱਛਾ ਅਨੁਸਾਰ ਸੋਧ ਕੀਤੀ ਗਈ ਹੈ ਦਾਸ ਦੇ ਭਰਾ ਮਹਿੰਦਰ ਸਿੰਘ ਜਰਮਨੀ ਨਿਵਾਸੀ ਨੇ ਜੀਵਨੀ ਦੀ ਛਪਾਈ ਵਾਸਤੇ ਮਾਇਆ ਦੀ ਸੇਵਾ ਕੀਤੀ ਹੈ। ਗੁਰੂ ਸੰਗਤ ਵਲੋਂ ਨਵੇਂ ਸੁਝਾਉ ਖਿੜੇ ਮੱਥੇ ਪ੍ਰਵਾਨ ਕੀਤੇ ਜਾਣਗੇ। ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਦਾਸ ਨੂੰ ਤੀਜੀ ਅਡੀਸ਼ਨ ਵਾਸਤੇ ਬੱਲ ਬਖਸ਼ੇ।

ਦਾਸ - **ਸਤਪਾਲ ਸਿੰਘ**

ਐਮ. ਏ. ਬੀ. ਐਡ. ਸਾਬਕਾ ਪ੍ਰਿੰਸੀਪਲ

ਨਡਾਲੋਂ

ਜ਼ਿਲਾ ਹੁਸ਼ਿਆਰਪੁਰ

ਮਿਤੀ - 4.8.83

# ਤੀਜਾ ਅਡੀਸ਼ਨ

ਸੰਤ ਜਗਜੀਤ ਸਿੰਘ ਹਰਖੋਵਾਲ ਵਾਲੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜਨਮ ਸਥਾਨ ਨਡਾਲੋਂ ਵਿਖੇ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜਨਮ ਉਤਸਵ ਮਨਾਉਣ ਵਾਸਤੇ ਆਏ ਹੋਏ ਸਨ ਆਪ ਗੁਰ ਵਾਕ ਦੀ ਕਥਾ ਕਰ ਰਹੇ ਸਨ। ਕਥਾ ਤੋਂ ਉਪਰੰਤ ਆਪ ਜੀ ਨੇ ਦਾਸ ਨੂੰ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਜੀਵਨੀ ਵਿਸਥਾਰ ਪੂਰਬਕ ਲਿਖਣ ਲਈ ਹੁਕਮ ਕੀਤਾ। ਇਸ ਕਰਕੇ ਵਾਹਿਗੁਰੂ ਦੀ ਬਖਸ਼ੀ ਹੋਈ ਕਲਮ ਅਨੁਸਾਰ ਸੰਗਤਾਂ ਨੂੰ ਜੀਵਨੀ 'ਸੰਤ ਨਿਧਾਨ ਸਿੰਘ' ਭੇਂਟ ਕੀਤੀ ਜਾਂਦੀ ਹੈ। ਸੰਗਤ ਭੁੱਲ ਚੁੱਕ ਮਾਫ ਕਰੇ। ਚੌਥੀ ਛਾਪ ਲਈ ਸੁਝਾਉ ਮੰਗੇ ਜਾਂਦੇ ਹਨ। ਇਸ ਰਚਨਾ ਨੂੰ ਕੋਈ ਮੁੱਲ ਨਹੀਂ ਵੇਚ ਸਕਦਾ। ਪਰੰਤੂ ਛਾਪ ਕੇ ਪ੍ਰਚਾਰ-ਹਿੱਤ ਮੁਫਤ ਵੰਡ ਸਕਦਾ ਹੈ।

ਦਾਸ- **ਸਤਪਾਲ ਸਿੰਘ**

ਐਮ. ਏ. ਬੀ. ਐਡ. ਸਾਬਕਾ ਪ੍ਰਿੰਸੀਪਲ

ਪਿੰਡ ਨਡਾਲੋਂ

ਜ਼ਿਲਾ ਹੁਸ਼ਿਆਰਪੁਰ

ਮਿਤੀ - 26.3.89

# ਚੌਥੀ ਛਾਪ

ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਜੀਵਨੀ 'ਸੰਤ ਨਿਧਾਨ ਸਿੰਘ ਜੀ' ਸੰਗਤਾ ਨੂੰ ਭੇਂਟ ਕੀਤੀ ਜਾਂਦੀ। ਪਹਿਲੇ ਤਿੰਨ ਅਡੀਸ਼ਨਾਂ ਦੀ ਸੋਧ ਕੀਤੀ ਹੈ ਅਤੇ ਨਵੀਂ ਜਾਣਕਾਰੀ ਭੀ ਪਾਠਕਾਂ ਲਈ ਪੇਸ਼ ਕੀਤੀ ਹੈ। ਫੋਟੋਆਂ ਨੂੰ ਅਸਲੀ ਕਾਲੀ-ਚਿੱਟੀ ਜਾਂ ਰੰਗੀਨ ਰੰਗਾਂ ਵਿਚ ਛਾਪਿਆ ਗਿਆ ਹੈ। ਬੀਬੀ ਸਵਿਤ੍ਰੀ ਪਤਨੀ ਸਵਰਗਵਾਸੀ ਚੰਨਣ ਸਿੰਘ ਪਿੰਡ ਪਾਲਦੀ ਇੰਗਲੈਂਡ ਨਿਵਾਸੀ ਭੀ ਇਸ ਛਾਪ ਲਈ ਆਰਥਿਕ ਸਹਾਇਤਾ ਕੀਤੀ ਹੈ। ਸ੍ਰੀ ਦਲਜੀਤ ਸਿੰਘ ਪਿੰਡ ਨਡਾਲੋਂ ਵਾਸੀ ਨੂੰ ਭੀ ਵੱਡਮੁੱਲੀ ਸਮੱਗ੍ਰੀ ਭੇਂਟ ਕੀਤੀ ਹੈ। ਅੰਤ ਵਿੱਚ ਵਾਹਿਗੁਰੂ ਦਾ ਧੰਨਵਾਦ –

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰੁ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੂ ਨਾਨਕ ਜਿਨਿ ਕਲ ਰਾਖੀ ਮੇਰੀ ॥
(ਰਾਗੁ ਸੂਹੀ–ਗੁਰੂ ਅਰਜਨ ਦੇਵ ਜੀ।)।

ਦਾਸ – **ਸਤਪਾਲ ਸਿੰਘ ਨਡਾਲੋਂ**

ਮਿਤੀ 4 ਅਗੱਸਤ 2003

ਪਿੰਡ ਨਡਾਲੋਂ,
ਜ਼ਿਲਾ ਹੁਸ਼ਿਆਰਪੁਰ

ਅਬਿਚਲ ਨਗਰੁ ਗੋਬਿੰਦ ਗੁਰੂ ਕਾ

ਨਾਮੁ ਜਪਤ ਜਪਤ ਸੁਖੁ ਪਾਇਆ ਰਾਮ ॥

ਮਨ ਇਛੇ ਸੇਈ ਫਲ ਪਾਏ

ਕਰਤੈ ਆਪਿ ਵਸਾਇਆ ਰਾਮ ॥

ਕਰਤੈ ਆਪਿ ਵਸਾਇਆ

ਸਰਬ ਸੁਖ ਪਾਇਆ

ਪੁਤ ਭਾਈ ਸਿਖ ਬਿਗਾਸੇ ॥

ਗੁਣ ਗਾਵਹਿ ਪੂਰਨ ਪਰਮੇਸੁਰ

ਕਾਰਜੁ ਆਇਆ ਰਾਸੇ ॥

ਪ੍ਰਭੁ ਆਪਿ ਸੁਆਮੀ ਆਪੇ ਰਖਾ

ਆਪਿ ਪਿਤਾ ਆਪਿ ਮਾਇਆ ॥

ਕਹੁ ਨਾਨਕ ਸਤਿਗੁਰ ਬਲਿਹਾਰੀ

ਜਿਨਿ ਏਹੁ ਥਾਨੁ ਸੁਹਾਇਆ ॥

(ਰਾਗੁ ਸੂਹੀ—ਗੁਰੂ ਅਰਜਨ ਦੇਵ ਜੀ)

ਮੰਤ੍ਰ ਰਾਮ ਰਾਮ ਨਾਮੰ

ਧ੍ਯਾਨੰ ਸਰਬਤ੍ਰ ਪੂਰਨਹ ॥

ਗ੍ਯਾਨੰ ਸਮ ਦੁਖ ਸੁਖੰ

ਜੁਗਤਿ ਨਿਰਮਲ ਨਿਰਵੈਰਣਹਿ ॥

ਦਯਾਲੰ ਸਰਬਤ੍ਰ ਜੀਅ

ਪੰਚ ਦੋਖ ਬਿਵਰਜਿਤਹ ॥

ਭੋਜਨੰ ਗੋਪਾਲ ਕੀਰਤਨੰ

ਅਲਪ ਮਾਇਆ ਜਲ ਕਮਲ ਰਹਤਹ ॥

ਉਪਦੇਸੰ ਸਮ ਮਿਤ੍ਰ ਸਤ੍ਰ

ਭਗਵੰਤ ਭਗਤਿ ਭਾਵਨੀ ॥

ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ

ਆਪੁ ਤ੍ਯਾਗਿ ਸਗਲ ਰੇਣੁਕਹ ॥

ਖਟ ਲਖੵਣ ਪੂਰਨੰ ਪੁਰਖਹ

ਨਾਨਕ ਨਾਮ ਸਾਧ ਸ੍ਵਜਨਹ ॥੪੦॥

(ਸਲੋਕ ਸਹਸਕ੍ਰਿਤੀ—ਗੁਰੂ ਅਰਜਨ ਦੇਵ ਜੀ)

# ਸੰਤ ਕੌਣ ਹੁੰਦਾ ਹੈ?

1. ਜਿਨ੍ਹਾਂ ਸਾਸਿ ਗਿਰਾਸ ਨ ਵਿਸਰੈ
ਹਰਿ ਨਾਮਾ ਮਨਿ ਮੰਤ॥
ਧੰਨੁ ਸਿ ਸੇਈ ਨਾਨਕਾ
ਪੂਰਨੁ ਸੋਈ ਸੰਤ॥

(ਰਾਗ ਗਉੜੀ ਮ:ਪ॥

2. ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ॥
ਏਕਸ ਆਗੈ ਬੇਨਤੀ ਰਵਿਆ ਸ੍ਰਬ ਥਾਇ॥

(ਬਿਲਾਬਲ ਮ :ਪ)

3. ਸੰਤ ਕਾ ਮਾਰਗੁ ਧਰਮ ਕੀ ਪਉੜੀ
ਕੋ ਵਡਭਾਗੀ ਪਾਏ॥

(ਰਾਗ ਸੋਰਠ ਮ:ਪ)

4. ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥

(ਰਾਗ ਮਾਝ ਮ:ਪ)

5. ਸੰਤ ਪ੍ਰਸਾਦਿ ਭਇਓ ਪਰਗਾਸੁ ॥

(ਰਾਗ ਗਉੜੀ ਮ:ਪ)

6. ਸੰਤ ਕੈ ਸੰਗ ਮਿਟਿਆ ਅਹੰਕਾਰ ॥

ਦ੍ਰਿਸ਼ਟ ਅਵੈ ਸਭੁ ਏਕੰਕਾਰ ॥

(ਰਾਗ ਗਉੜੀ ਮ:ਪ)

7. ਸੰਤ ਪ੍ਰਸਾਦਿ ਮਹਾਂ ਸੁਖੁ ਪਾਇਆ ।
ਸਗਲੇ ਬੰਧਨ ਕਾਟੇ ॥

(ਧਨਾਸਰੀ ਮ:ਪ)

8. ਏਕੁ ਨਾਮ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥ ਰਹਾਉ ॥ ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥ ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨਾ ਜਾਨੈ ॥ ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥

(ਰਾਗ ਆਸਾ ਮ:ਪ)

9. ਇਹ ਨੀਸਾਣੀ ਸਾਧ ਕੀ ਜਿਸ ਭੇਟਤ ਤਰੀਐ ।

(ਵਾਰ ਗਉੜੀ ਮ:ਪ)

# ਭਵਿਖ ਬਾਣੀ ਗੁਰੂ ਗੋਬਿੰਦ ਸਿੰਘ ਜੀ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਪਹੁੰਚੇ ਤਾਂ ਇਹ ਇਲਾਕਾ ਉਪਜਾਊ ਨਹੀਂ ਸੀ। ਫਸਲ ਘੱਟ ਹੁੰਦੀ ਸੀ ਕਿਉਂਕਿ ਜ਼ਮੀਨ ਪਥਰੀਲੀ ਸੀ। ਭਾਈ ਸੰਤੋਖ ਸਿੰਘ ਜੀ ਨੇ ਜੋ ਗੁਰੂ ਜੀ ਦੇ ਨਾਲ ਹੀ ਸਨ ਪੁੱਛਿਆ, "ਹੇ ਦਸ਼ਮੇਸ਼ ਪਾਤਸ਼ਾਹ! ਪੰਜਾਬ ਇਥੋਂ ਦੂਰ ਹੈ। ਇਥੋਂ ਸਿੱਖੀ ਦਾ ਪ੍ਰਚਾਰ ਕਿਵੇਂ ਹੋਵੇਗਾ। ਲੰਗਰ ਕਿਵੇਂ ਚਲੇਗਾ?" ਗੁਰੂ ਜੀ ਨੇ ਉੱਤਰ ਦਿੱਤਾ, "ਆਉਣ ਵਾਲੇ ਸਮੇਂ ਵਿਚ ਅਸੀਂ ਇਕ ਸੰਤ ਭੇਜਾਂਗੇ ਜੋ ਗੁਰੂ ਕਾ ਲੰਗਰ ਚਲਾਵੇਗਾ ਅਤੇ ਸਿੱਖੀ ਦੀ ਮਨ, ਤਨ ਅਤੇ ਧਨ ਨਾਲ ਸੇਵਾ ਕਰੇਗਾ।" ਗਿਆਨੀ ਗਿਆਨ ਸਿੰਘ ਜੀ ਗੁਰੂ ਜੀ ਦੀ ਭਵਿਖਬਾਣੀ ਇਸ ਤਰ੍ਹਾਂ ਕਥਨ ਕਰਦੇ ਹਨ। "ਸੰਤੋਖ ਸਿੰਘ ਲਾਂਗਰੀ ਨੇ ਬੇਨਤੀ ਕੀਤੀ। ਸੱਚੇ ਪਾਤਸ਼ਾਹ! ਇਸ ਦੇਸ਼ ਵਿੱਚ ਤਾਂ ਸਿੱਖੀ ਹੀ ਨਹੀਂ ਹੈ ਤਾਂ ਦੇਗ ਵਰਤਣ ਵਾਸਤੇ ਮਾਇਆ ਕਿਥੋਂ ਆਵੇਗੀ"। ਮਹਾਰਾਜ "ਬੋਲੇ ਭਾਈ ਸਿੱਖ! ਧੀਰਜ ਰੱਖੋ। ਇਥੇ ਅਟੁੱਟ ਦੇਗ ਚਲੇਗੀ ਪਰ ਇਕ ਸਿੱਖ ਐਸਾ ਹੋਵੇਗਾ ਜੋ ਸਾਰੀ ਟਹਿਲ ਕਰਕੇ ਜਸ ਲਵੇਗਾ।"

(ਤਵਾਰੀਖੇ—ਖਾਲਸਾ)

ਇਸ ਭਵਿਖਬਾਣੀ ਵਿਚ ਇਸ਼ਾਰਾ ਸੰਤ ਬਾਬਾ ਨਿਧਾਨ ਸਿੰਘ ਵੱਲ ਸੀ ਜੋ ਕਿ ਅੱਖਰ ਅੱਖਰ ਸੱਚ ਸਾਬਤ ਹੋਇਆ।

# ਸੰਤ ਬਾਬਾ ਦੀਵਾਨ ਸਿੰਘ ਜੀ ਦੀ ਭਵਿਖਬਾਣੀ

ਸੰਤ ਬਾਬਾ ਦੀਵਾਨ ਸਿੰਘ ਜੀ ਵਾਹਿਗੁਰੂ ਨਾਲ ਅਭੇਦ ਸਾਧੂ ਸਨ। ਆਪ ਪਿੰਡ ਤੋਂ ਦੂਰ ਟਾਹਲੀਆਂ ਹੇਠ ਬੈਠ ਕੇ ਸਿਮਰਨ ਕਰਦੇ। ਸੰਤ ਬਾਬਾ ਨਿਧਾਨ ਸਿੰਘ ਪਸ਼ੂ ਚਾਰਦੇ ਇਸ ਪਾਸੇ ਵੱਲ ਚਲੇ ਜਾਂਦੇ। ਸੰਤ ਨਿਧਾਨ ਸਿੰਘ ਜੀ ਸੁਰੀਲੀ ਅਵਾਜ਼ ਵਿਚ ਗੁਰਬਾਣੀ ਗਾਉਂਦੇ ਹੁੰਦੇ ਸਨ। ਇਕ ਵਾਰੀ ਆਪ ਗੁਰਬਾਣੀ ਗਾ ਰਹੇ ਸਨ। ਸੰਤ ਦੀਵਾਨ ਸਿੰਘ ਜੀ ਗੁਰਬਾਣੀ ਕੀਰਤਨ ਸੁਣ ਕੇ ਬਹੁਤ ਖੁਸ਼ ਹੋਏ। ਆਪ ਜੀ ਨੇ ਵਾਹਿਗੁਰੂ ਨਾਲ ਇਕ ਸੁਰ ਹੋ ਕੇ ਭਵਿਖਬਾਣੀ ਕੀਤੀ "ਸੰਤ ਨਿਧਾਨ ਸਿੰਘ ਜੀ ਲੰਗਰ ਦੀ ਸੇਵਾ ਕਰਨਗੇ, ਜਲ ਅਤੇ ਪੱਖੇ ਦੀ ਸੇਵਾ ਕਰਨਗੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਵੀ ਕਰਨਗੇ।"

# ਸੰਤ ਬਾਬਾ ਨਿਧਾਨ ਸਿੰਘ ਜੀ
# ਜੀਵਨ ਪ੍ਰਕਾਸ਼ ਨੰ: 1

ਭਾਈ ਗੁਰਦਾਸ ਪੰਜਾਬ ਦੀ ਉਸਤਤ ਕਰਦੇ ਹੋਏ ਲਿਖਦੇ ਹਨ "ਪੰਜਾਬੈ ਗੁਰੂ ਕੀ ਵਡਿਆਈ।" ਇਹ ਇਕ ਇਤਿਹਾਸਕ ਸਚਾਈ ਹੈ ਕਿ ਪੰਜਾਬ ਗੁਰੂਆਂ, ਸੰਤਾਂ ਅਤੇ ਯੋਧਿਆਂ ਦੀ ਧਰਤੀ ਹੈ। ਇਸ ਦੇ ਨੂਰਾਨੀ ਵਿਅਕਤੀਆਂ ਦੇ ਪੈਰ ਪੰਜ ਪਾਣੀਆਂ ਧੋਤੇ ਹਨ। ਪੰਜਾਬ ਦੀ ਧਰਤੀ ਦੇ ਰੰਗ ਮੰਚ ਉੱਤੇ ਸੰਤਾਂ ਦੇ ਜੀਵਨ ਨਾਟਕ ਖੇਡੇ ਜਾਂਦੇ ਰਹੇ ਹਨ। ਸੰਤ ਨਿਧਾਨ ਸਿੰਘ ਬਿਸਤ ਦੁਆਬੇ ਦੀ ਧਰਤੀ ਦੇ ਅਨਮੋਲ ਹੀਰੇ ਸਨ।

ਪਿੰਡ ਨਡਾਲੋਂ ਦੀ ਭਾਗਾਂ ਵਾਲੀ ਧਰਤੀ ਦੇ ਸੀਨੇ ਵਿਚੋਂ ਖੁਸ਼ੀ ਖੇੜਾ ਆਤਮਕ ਸ਼ਾਂਤੀ ਦਾ ਚਸ਼ਮਾ ਸੰਨ 1882 ਵਿਚ ਫੁੱਟ ਅਕਾਸ਼ ਵਲ ਨੂੰ ਨੱਚਦਾ ਟੱਪਦਾ ਛੂਹਣ ਲੱਗਾ। ਇਹ ਸ਼ੁਭ ਸਮਾਂ ਸੰਤ ਨਿਧਾਨ ਸਿੰਘ ਦਾ ਇਸ ਜਗਤ ਵਿਚ ਪ੍ਰਗਟ ਹੋਣ ਦਾ ਸੀ। ਪਿੰਡ ਨਡਾਲੋਂ ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਪੰਜਾਬ ਰਾਜ ਵਿਚ ਨਹਿਰ ਜਲੰਧਰ ਬਿਸਤ ਬਤਾਂਦ ਉੱਤੇ ਸਥਿਤ ਹੈ। ਆਪ ਜੀ ਦੇ ਪਿਤਾ ਦਾ ਨਾਮ ਸਰਦਾਰ ਉੱਤਮ ਸਿੰਘ ਜੀ ਅਤੇ ਮਾਤਾ ਗੁਲਾਬ ਕੌਰ ਜੀ ਸਨ। ਇਸ ਤਰ੍ਹਾਂ ਆਪ ਇਕ ਉੱਤਮ ਪੁੱਤਰ ਸਨ ਜਿਨ੍ਹਾਂ ਨੇ ਗੁਲਾਬ ਫੁੱਲ ਦੀ ਤਰ੍ਹਾਂ ਸੰਸਾਰ ਵਿਚ ਸੇਵਾ ਅਤੇ ਸਿਮਰਨ ਦੀ ਮਹਿਕ ਛੱਡਣੀ ਸੀ।

ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਵਾਤਾਵਰਣ ਦਾ ਵਿਅਕਤੀ ਦੇ ਬਚਪਨ ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਆਪ ਉੱਤੇ ਵੀ ਇਕ ਮਹਾਨ ਸੰਤ ਦੀਵਾਨ ਸਿੰਘ ਜੀ ਦਾ ਅਮਿਟ ਪ੍ਰਭਾਵ ਸੀ। ਸੰਤ ਦੀਵਾਨ ਸਿੰਘ ਵੀ ਨਡਾਲੋਂ ਦੇ ਚਮਕਦੇ ਸਤਾਰੇ ਸਨ ਆਪ ਪ੍ਰਭੂ ਭਗਤੀ ਵਿਚ ਇਤਨੇ ਲੀਨ ਹੋ ਗਏ ਸਨ ਕਿ ਆਪ ਨੂੰ ਆਪਣੀ ਸੁਧ ਨਹੀਂ ਸੀ ਰਹੀ ਅਤੇ ਨਾਮ ਖੁਮਾਰੀ ਵਿਚ ਮਸਤ ਹੋ ਗਏ ਸਨ

ਅਤੇ ਦੀਵਾਨੇ ਬਣ ਗਏ ਸਨ ਆਪ ਨਡਾਲੋ ਦੀਆਂ ਗਲੀਆਂ, ਖੇਤਾਂ ਵਿਚ ਘੁੰਮ-ਘੁੰਮ ਕੇ ਸ਼ਬਦ ਕੀਰਤਨ ਕਰਦੇ। ਸੰਤ ਨਿਧਾਨ ਸਿੰਘ ਬਹੁਤ ਧਿਆਨ ਅਤੇ ਸ਼ਰਧਾ ਨਾਲ ਕੀਰਤਨ ਸਰਵਣ ਕਰਦੇ। ਇਸ ਤਰ੍ਹਾਂ ਆਪ ਦੀ ਲਗਨ ਵਾਹਿਗੁਰੂ ਭਗਤੀ ਵਲ ਲੱਗ ਗਈ।

ਆਪ ਦੇ ਪਿਤਾ ਖੇਤੀ ਕਰਦੇ ਸਨ। ਆਪ ਉਨ੍ਹਾਂ ਦੀ ਖੇਤੀ ਬਾੜੀ ਵਿਚ ਸਹਾਇਤਾ ਕਰਦੇ। ਆਪ ਪਸ਼ੂ ਚਾਰਨ ਵਾਸਤੇ ਖੇਤਾਂ ਨੂੰ ਲੈ ਕੇ ਜਾਂਦੇ। ਚਰਾਗਾਹ ਦੇ ਸ਼ਾਂਤ ਵਾਤਾਵਰਣ ਵਿਚ ਆਪ ਕਾਦਰ ਦੇ ਨੇੜੇ ਹੁੰਦੇ ਗਏ "ਵਿਸਮੁ ਭਏ ਬਿਸਮਾਦ ਦੇਖਿ ਕੁਦਰਤ ਤੇਰੀਆ" ਦੀ ਮਹਾਨ ਸਚਾਈ ਅਨੁਸਾਰ ਆਪ ਨੀਲਾ ਅਕਾਸ਼, ਚਹਿ-ਚਹਾਉਂਦੇ ਪੰਛੀ, ਰੰਗ ਬਰੰਗੇ ਬੱਦਲ ਅਤੇ ਚੜ੍ਹਦਾ ਸੂਰਜ ਦੇਖ ਵਿਸਮਾਦ ਵਿਚ ਆ ਜਾਂਦੇ ਅਤੇ ਮਸਤੀ ਵਿਚ ਝੂਮ ਉਠਦੇ ਅਤੇ ਗੁਰਬਾਣੀ ਦੀ ਇਹ ਸਤਰ ਗੁਣ ਗੁਣਾਉਂਦੇ —

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਕੁਦਰਤ ਦੇ ਮਾਲਕ ਪਾਲਕ ਦਾ ਪਿਆਰ ਜਾਗ ਪਿਆ ਕਿਉਂਕਿ ਗੁਰਬਾਣੀ ਦਾ ਸੁਨਹਿਰੀ ਸੁਨੇਹਾ ਹੈ —

ਕਰਤੇ ਕੁਦਰਤੀ ਮੁਸ਼ਤਾਕ॥

ਖਾਲਸਾ ਪੰਥ ਸ਼ਕਤੀ ਅਤੇ ਭਗਤੀ, ਪਿਆਰ ਅਤੇ ਤਲਵਾਰ ਦਾ ਸੁਮੇਲ ਹੈ ਇਸ ਕਰਕੇ ਸੰਤ ਜੀ ਨੇ ਆਤਮਕ ਸ਼ਕਤੀ ਦੇ ਨਾਲ ਨਾਲ ਸਰੀਰਕ ਤਰੱਕੀ ਵਲ ਵੀ ਖਾਸ ਧਿਆਨ ਦਿੱਤਾ। ਆਪ ਕੁਸ਼ਤੀ ਕਰਦੇ। ਆਪ ਦਾ ਸਰੀਰ ਲੋਹੇ ਵਰਗਾ ਮਜ਼ਬੂਤ ਹੋ ਗਿਆ। ਆਪ ਸੁੰਦਰ ਨੌਜੁਆਨ ਹੋ ਗਏ ਅਤੇ ਫੌਜ ਵਿਚ ਭਰਤੀ ਹੋ ਗਏ। ਝਾਂਸੀ ਦੇ ਅਸਥਾਨ ਪੰਜ ਨੰਬਰ ਰਸਾਲਾ ਆਪ ਨੇ ਥੋੜਾ ਸਮਾਂ ਨੌਕਰੀ ਕੀਤੀ। ਆਪ ਦਾ ਤਨ ਭਾਵੇਂ ਨੌਕਰੀ ਵਿਚ ਸੀ ਪਰ ਮਨ ਵਾਹਿਗੁਰੂ ਦੇ ਚਰਨਾਂ ਵਿਚ ਇਸ ਤਰ੍ਹਾਂ ਲੱਗਾ ਰਹਿੰਦਾ ਜਿਵੇਂ ਭੌਰਾ ਫੁੱਲਾਂ ਵਿਚ

ਮਸਤ ਹੁੰਦਾ ਹੈ ਅਤੇ ਚਕੋਰ ਚੰਦ ਵਲ ਨਜ਼ਰ ਟਿਕਾਈ ਰਖਦਾ ਹੈ। ਭਗਤ ਨਾਮਦੇਵ ਅਤੇ ਭਗਤ ਤਰਲੋਚਨ ਦੀ ਗੁਰਬਾਣੀ ਗੋਸ਼ਟੀ ਆਪ ਦੀ ਸੁਰਤੀ ਪ੍ਰਭੂ ਭਗਤੀ ਵਿਚ ਜੋੜੀ ਰਖਦੀ —

ਹਾਥ ਪਾਉ ਕਰਿ ਕਾਮ ਸਭੁ
ਚੀਤ ਨਿਰੰਜਨ ਨਾਲਿ ॥

ਜੀਵਨ ਕਾਲ ਵਿਚ ਮਹੱਤਵ ਪੂਰਨ ਮੋੜ ਆਇਆ। ਇਕ ਦਿਨ ਆਪ ਨੇ ਸੰਗਤਾਂ ਦਾ ਇਕ ਜਥਾ ਹਜ਼ੂਰ ਸਾਹਿਬ ਵਲ ਜਾਂਦਾ ਦੇਖਿਆ। ਸੰਤ ਜੀ ਨੂੰ ਹਜ਼ੂਰ ਸਾਹਿਬ ਵਲੋਂ ਨਿਰਾਲੀ ਅਤੇ ਨੂਰਾਨੀ ਖਿਚ ਮਹਿਸੂਸ ਹੋਣ ਲੱਗੀ। ਪ੍ਰਭੂ ਪਿਆਸੀ ਰੂਹ ਅਬਚਲ ਨਗਰ ਵਲ ਚਲਣ ਲਈ ਉਤਾਵਲੀ ਹੋਣ ਲੱਗੀ। ਕੋਈ ਇਲਾਹੀ ਅਵਾਜ਼ ਹਾਕਾਂ ਮਾਰ ਰਹੀ ਸੀ। ਸਰਕਾਰੀ ਨੌਕਰੀ ਨੂੰ ਇਲਾਹੀ ਨੌਕਰੀ ਵਾਸਤੇ ਠੁਕਰਾ ਦਿੱਤਾ। ਨਦੀ ਦਰਿਆ ਰਾਹੀਂ ਸਮੁੰਦਰ ਨੂੰ ਮਿਲਣ ਵਾਸਤੇ ਤੇਜ਼ ਰਫਤਾਰ ਨਾਲ ਚਲ ਪਈ। ਮਨ ਵਿਚ ਅਥਾਹ ਜੋਸ਼ ਠਾਠਾਂ ਮਾਰ ਰਿਹਾ ਸੀ ਉਸ ਧਰਤੀ ਨੂੰ ਚੁੰਮਣ ਵਾਸਤੇ ਜਿਥੇ ਨੀਲੇ ਘੋੜੇ ਦੇ ਅਸਵਾਰ ਨੇ ਚਰਨ ਛੋਹ ਬਖਸ਼ੀ ਸੀ।

"ਸੇਵਕ ਕਉ ਸੇਵਾ ਬਨਿ ਆਈ" ਦੇ ਕਥਨ ਅਨੁਸਾਰ ਆਪ ਨੇ ਸੰਗਤਾਂ ਦੀ ਸੇਵਾ ਸ਼ੁਰੂ ਕਰ ਦਿੱਤੀ। ਆਪ ਬੁੰਗਾ ਸਾਧੂ ਸਿੰਘ ਕੋਲ ਡੇਰੇ ਲਾ ਲਏ ਅਤੇ ਗਰਮੀ ਦੀ ਰੁਤ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਸ਼ੁਰੂ ਕੀਤੀ।

ਆਪ ਭੁੰਨੇ ਹੋਏ ਛੋਲੇ ਵੀ ਸੰਗਤ ਨੂੰ ਛਕਣ ਲਈ ਵੰਡਦੇ ਗਰੀਬ ਸਿੰਘ ਦੀ ਸੇਵਾ ਇਹ ਸੀ ਸੇਵਾ ਦੀ ਪਹਿਲੀ ਮੰਜ਼ਲ ਇਹ ਸੀ ਪੁੰਗਰਦਾ ਸੇਵਾ ਦਾ ਬੀਜ ਜਿਸ ਦਾ ਬੂਟਾ ਠੰਡੀ ਛਾਂ ਵਾਲਾ ਬਣਨਾ ਸੀ ਅਤੇ ਜਿਸਦੇ ਮਹਿਕਦੇ ਫੁੱਲਾਂ ਸੰਸਾਰ ਨੂੰ ਮਹਿਕ ਵੰਡਣੀ ਸੀ ਅਤੇ ਜਿਸਦੇ ਫੁੱਲਾਂ ਨੇ ਆਤਮਕ ਅਤੇ ਸਰੀਰਕ ਭੁੱਖ ਦੂਰ ਕਰਨੀ ਸੀ।

ਆਪ ਭੁੱਖੇ ਸੌਂ ਜਾਂਦੇ ਪਰ ਰਾਹੀ ਨੂੰ ਭੁੱਖਾ ਨ ਜਾਣ ਦਿੰਦੇ। ਆਪ ਦੀ ਹਾਲਤ ਹੇਠ ਲਿਖੇ ਭਗਤ ਵਰਗੀ ਸੀ —

ਅਣਹੋਂਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥

ਆਪ ਸੰਗਤ ਨੂੰ ਪੱਖਾ ਭੀ ਝਲਦੇ। ਆਪ ਆਤਮਕ ਅਨੰਦ ਵਿਚ ਝੂਮਣ ਲਗਦੇ ਅਤੇ ਆਪ ਗੁਰਬਾਣੀ ਦੀ ਸਤਰ ਗਾਇਨ ਕਰਦੇ

ਪੱਖਾ ਫੇਰੀ ਪਾਣੀ ਢੋਵਾਂ ॥
ਜੋ ਦੇਵਹਿ ਸੋ ਖਾਈ ॥

ਆਪ ਨੇ ਜਲ ਦੀ ਸੇਵਾ ਕਰਕੇ ਤਾਂ ਕਮਾਲ ਹੀ ਕਰ ਦਿੱਤਾ। ਆਪ ਡੇਢ ਮਣ ਦੀ ਪਾਣੀ ਦੀ ਗਾਗਰ ਗੋਦਾਵਰੀ ਤੋਂ ਸੰਗਤ ਨੂੰ ਜਲ ਛਕਾਉਣ ਵਾਸਤੇ ਲੈ ਕੇ ਆਉਂਦੇ। ਆਪ ਦਾ ਪੈਰ ਤਿਲ੍ਹਕ ਜਾਂਦਾ। ਆਪ ਡਿਗ ਜਾਂਦੇ। ਉੱਠ ਖੜਦੇ। ਬੁੰਗੇ ਦੇ ਆਸ ਪਾਸ ਦੇ ਲੋਕ ਗੁੱਸੇ ਵਿਚ ਕਹਿੰਦੇ, "ਇਹ ਪੰਜਾਬੀ ਸਾਉਣ ਨਹੀਂ ਦਿੰਦਾ। ਪਰ ਆਪ ਦੁਨੀਆਂ ਦੀ ਪਰਵਾਹ ਨ ਕਰਦੇ ਹੋਏ ਸੇਵਾ ਦੇ ਰਾਹ ਤੇ ਨਿਧੜਕ ਅਤੇ ਨਿਡਰ ਹੋ ਕੇ ਚਲਦੇ ਰਹੇ। ਗੁਰਬਾਣੀ ਦਾ ਹੇਠ ਲਿਖਿਆ ਇਲਾਹੀ ਫੁਰਮਾਨ ਹੁਕਮ ਕਰ ਰਿਹਾ ਸੀ, ਜੋਸ਼ ਭਰ ਰਹਿਆ ਸੀ, ਅੱਗੇ ਤੋਂ ਚਲਣ ਦਾ ਹੌਸਲਾ ਦੇ ਰਿਹਾ ਸੀ —

ਭਗਤਿ ਨਾ ਛੋਡਿਓ ਰਾਮ ਕੀ ਭਾਵੇਂ ਨਿੰਦਉ ਲੋਗੁ ॥

(ਅਕਾਲੀ ਪੱਤ੍ਰਕਾ 26 ਜੁਲਾਈ 1975)

ਆਪ ਜੀ 100 ਤੋਂ 150 ਤੱਕ ਰੋਜ਼ ਪਾਣੀ ਦੀਆਂ ਗਾਗਰਾਂ ਢੋਂਹਦੇ। ਗਾਗਰਾਂ ਦੇ ਨਾਮ ਗੁਰਦਿੱਤੀ ਅਤੇ ਰਾਮ ਪਿਆਰੀ ਸਨ। ਗਾਗਰਾਂ ਦੇ ਨਾਮ ਨਿਮ੍ਰਤਾ ਅਤੇ ਸਿਮਰਣ ਚਿੰਨ ਸਨ ਤਾਂ ਜੋ ਹਉਮੈ ਪੈਦਾ ਨ ਹੋਵੇ ਅਤੇ ਸੇਵਾ ਕਰਦੇ ਕਰਦੇ ਸਿਮਰਣ ਕਰਦੇ ਰਹਿੰਦੇ।

# ਜੀਵਨ ਪ੍ਰਕਾਸ਼ ਨੰ: 2

ਜੀਵਨ ਚੋਟੀ ਛੂਹਣ ਲਈ ਕੰਡਿਆਲੇ ਰਾਹਾਂ ਤੇ ਚਲਣਾ ਪੈਂਦਾ ਹੈ। ਜ਼ਾਲਮ ਲੋਕ ਗੱਦੀਆਂ ਕਾਇਮ ਰੱਖਣ ਵਾਸਤੇ ਮਨੁਖਤਾ ਦੇ ਪਿਆਰਿਆਂ ਦੇ ਰਸਤਿਆਂ ਵਿਚ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਜ਼ਾਲਮ ਸਮਾਜ ਫੁੱਲ ਭੇਂਟ ਕਰਨ ਵਾਲਿਆਂ ਨੂੰ ਪੱਥਰ ਮਾਰਦਾ ਹੈ। ਸੁਕਰਾਤ ਵਰਗੇ ਧਾਰਮਕ ਅਤੇ ਸਮਾਜਕ ਸੁਧਾਰਕਾਂ ਨੂੰ ਜ਼ਹਿਰ ਦੇ ਪਿਆਲੇ ਭੇਂਟ ਕੀਤੇ ਜਾਂਦੇ ਹਨ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਰਹਮਿ ਸਮਾਜ ਤੱਤੀਆਂ ਤਵੀਆਂ, ਲੋਹੇ ਦੇ ਪਿੰਜਰੇ ਅਤੇ ਸਰਹੰਦ ਦੀਆਂ ਖੂਨੀ ਦੀਵਾਰਾਂ ਭੇਂਟ ਕੀਤੀਆਂ। ਇਸ ਤਰ੍ਹਾਂ ਬਾਬਾ ਨਿਧਾਨ ਸਿੰਘ ਦੇ ਸੇਵਾ ਦੇ ਚੜ੍ਹਦੇ ਸੂਰਜ ਦੀਆਂ ਕਿਰਨਾਂ ਨਾਲ ਈਰਖਾਵਾਦੀ ਅੱਖੀਆਂ ਚੁੰਧਿਆ ਗਈਆਂ। ਉਹ ਈਰਖਾ ਦੇ ਭਾਂਬੜ ਵਿਚ ਸੜਨ ਲਗੇ। ਉਨ੍ਹਾਂ ਆਪ ਨੂੰ ਬਹੁਤ ਕੁਟਿਆ। ਆਪ ਦੇ ਦੰਦਾਂ ਵਿਚੋਂ ਖੂਨ ਵਗਿਆ। ਸਰੀਰ ਜ਼ਖਮਾਂ ਨਾਲ ਭਰ ਗਿਆ। ਅੰਗ ਅੰਗ ਦਰਦ ਨਾਲ ਪੀੜ ਕਰ ਰਿਹਾ ਸੀ। ਆਪ ਰੇਲ ਗੱਡੀ ਦੇ ਸਟੇਸ਼ਨ ਪਾਸ ਇਕ ਦਰਖਤ ਥੱਲੇ ਬੈਠ ਗਏ। ਫਰਿਆਦੀ ਰੂਹ ਨੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ। ਪੁਕਾਰ ਸੁਣੀ ਗਈ ਕਿਉਂਕਿ ਗੁਰਬਾਣੀ ਦਾ ਸੁੰਦਰ ਭਰੋਸਾ ਹੈ —

ਬਿਰਥੀ ਕਦੇ ਨ ਹੋਵਈ ਜਨ ਕਿ ਅਰਦਾਸਿ।

ਵਾਹਿਗੁਰੂ ਭਗਤਾਂ ਸੰਤਾਂ ਦੀ ਮਾਣ, ਇਜ਼ਤ ਸ਼ਾਨ ਦਾ ਰਖਵਾਲਾ ਹੁੰਦਾ ਹੈ। ਗੁਰਬਾਣੀ ਸੱਚੀ ਗਵਾਹੀ ਦਿੰਦੀ ਹੈ ——

ਸੰਤ ਜਨਾ ਕਾ ਸਦਾ ਸਹਾਈ ॥

ਅਚਾਨਕ ਦੁਖੀਆਂ ਦੇ ਸਹਾਰੇ, ਜਾਲਮਾਂ ਦੇ ਨਾਸਕ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਅਤੇ ਬਾਬਾ ਜੀ ਦੇ ਸਿਰ ਉਪਰ ਹੱਥ ਧਰ ਕੇ ਸੁੰਦਰ ਮੁਖੜੇ ਤੋਂ ਅੰਮ੍ਰਿਤ ਭਰੇ ਸਬਦ ਫ਼ਰਮਾਨ ਕੀਤੇ - ਸੇਵਕ ਨਿਸਕਾਮ ਸੇਵਾ ਕਰ। ਖੀਸਾ ਮੇਰਾ ਹੱਥ ਤੇਰਾ ॥ ਇਸ ਤਰ੍ਹਾਂ ਬਾਬਾ ਨਿਧਾਨ ਸਿਘ ਨੂੰ ਨਾਮ ਸਿਮਰਨ ਅਤੇ ਸੇਵਾ ਦਾ ਖਜ਼ਾਨਾ ਮਿਲ ਗਇਆ ਅਤੇ ਅਸਲੀ ਅਰਥਾਂ ਵਿਚ ਨਿਧਾਨ ਸਿਘ ਬਣ ਗਏ। ਗੁਰਬਾਣੀ ਦਾ ਹਠ ਲਿਖਿਆ ਅਮਰ ਸੰਦੇਸ ਆਪ ਦੇ ਜੀਵਨ ਦਾ ਉਦੇਸ਼ ਬਣ ਗਿਆ

ਸੇਵਾ ਕਰਤ ਹੋਈ ਨਿਹਕਾਮੀ।
ਤਿਸ ਕਉ ਹੋਤ ਪਰਾਪਤਿ ਸੁਆਮੀ ॥

ਸਤ ਬਾਬਾ ਜੀ ਕਲਗੀਧਰ ਪਾਤਸਾਹ ਤੋ ਹੁਕਮ ਪਰਾਪਤ ਕਰਕੇ ਨਗੀਨਾ ਘਾਟ ਨੇ ਸੇਵਾ ਦਾ ਕੇਦਰ ਬਣਾਇਆ। ਇਸ ਤਰ੍ਹਾਂ ਬਾਬਾ ਨਿਧਾਨ ਸਿਘ ਨੇ ਗੁਰ ਜੀ 1912 ਵਿਚ ਦਰਸਨ ਦਿਤੇ। ਲੰਗਰ ਹਰ ਸਮੇਂ ਚਲਦਾ। ਸਗਤ ਪਗਤ ਵਿਚ ਬੈਠ ਕੇ ਲੰਗਰ ਛਕਦੀ। ਕਈ ਜਾਤ ਪਾਤ ਧਰਮ ਨਸਲ ਦੇ ਵਿਤਕਰ ਬਿਨਾ ਲਗਰ ਛਕਾਇਆ ਜਾਦਾ। ਸਾਝੀਵਾਲਤਾ, ਭਰਾਤਰੀ ਭਾਵ ਅਤੇ ਸਮਾਨਤਾ ਨੇ ਲੰਗਰ ਦਾ ਰੂਪ ਵਟਾ ਲਿਆ -

ਸਭੇ ਸਾਝੀਵਾਲ ਸਦਾਇਨ
ਤੂੰ ਕਿਸੈ ਨ ਦਿਸਹੀ ਬਾਹਰਾ ਜੀਉ ॥

ਵਾਹਿਗੁਰੂ ਦੇ ਦਾਤਾ ਹੋਣ ਦਾ ਵਿਸਵਾਸ ਸੰਗਤ ਦੇ ਮਨ ਵਿਚ ਗੂੜ੍ਹੀ ਰੰਗਤ ਭਰਨ ਲਗਾ। ਗੁਰਸਿਖ ਲਗਰ ਛਕਦੇ ਸਹਿਜ

ਸੁਭਾ ਕਹਿ ਉਠਦੇ —

ਹਰਿ ਏਕੋ ਦਾਤਾ ਵਰਤਦਾ ਦੂਜਾ ਅਵਰ ਨ ਕੋਈ ॥

ਇਸ ਦੇ ਕੋਲ ਹੀ ਗੁਰੂ ਲੰਗਰ ਸਾਹਿਬ ਹੈ। ਇਸ ਪਵਿਤ੍ਰ ਸਥਾਨ ਤੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਖਣ ਯਾਤਰਾ ਸਮੇਂ ਖਾਲਸਾ ਫੌਜ ਨੂੰ ਲੰਗਰ ਬਣਾ ਕੇ ਛਕਾਇਆ ਕਰਦੇ ਸਨ।

ਸਿੱਖ ਵਧ ਤੋਂ ਵਧ ਲੰਗਰ ਦੀ ਸੇਵਾ ਕਰਦੇ ਕਿਉਂਕਿ ਉਹ ਜਾਣਦੇ ਸਨ ਕਿ —

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਸੰਤ ਜੀ ਆਪ ਸੰਗਤ ਨੂੰ ਪੰਗਤ ਵਿਚ ਬੈਠਾ ਕੇ ਕੜਾਹ ਪ੍ਰਸ਼ਾਦਿ, ਦਾਲ ਭਾਜੀ, ਪ੍ਰਸਾਦੇ ਅਤੇ ਮਠਿਆਈ ਵਰਤਾਉਂਦੇ। ਲੰਗਰ ਵਰਤਦਾ ਹੀ ਗਿਆ ਕਿਉਂਕਿ ਖੀਸਾ (ਧੰਨ) ਗੁਰੂ ਗੋਬਿੰਦ ਸਿੰਘ ਜੀ ਬਖਸ ਰਹੇ ਸਨ ਅਤੇ ਹੱਥ ਬਾਬਾ ਨਿਧਾਨ ਸਿੰਘ ਜੀ ਦਾ ਵੰਡਣ ਵਾਸਤੇ ਸੀ। ਗੁਰਬਾਣੀ ਪ੍ਰੇਰਕ ਸੀ —

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥

ਗੁਰਬਾਣੀ ਦਾ ਮਹਾਂਵਾਕ ਹੈ। "ਸੰਤ ਜਪਾਵੈ ਨਾਮ ॥" ਆਪ ਖੜਤਾਲਾ ਨਾਲ ਗੁਰਬਾਣੀ ਕੀਰਤਨ ਕਰਦੇ। ਸੰਗਤ ਮਨੋਹਰ ਕੀਰਤਨ ਸੁਣ ਕੇ ਅਨੰਦ ਵਿਚ ਆਤਮਕ ਉਡਾਰੀਆਂ ਲਾਉਣ ਲਗਦੀ। ਆਤਮਕ ਸਾਂਤੀ ਦੀ ਅੰਮ੍ਰਿਤ ਵਰਖਾ ਹੋ ਜਾਂਦੀ ਕਿਉਂਕਿ

ਮਹਾ ਅਨੰਦ ਕੀਰਤਨ ਹਰਿ ਸੁਨੀਆ ॥

ਆਪ ਪਰੂ ਨਾਮ ਜਪਦੇ ਅਤੇ ਸੰਗਤ ਨੂੰ ਜਪਾਉਂਦੇ ਸਰਤੀ

ਵਾਹਿਗੁਰੂ ਦੇ ਚਰਨ ਕਮਲਾਂ ਵਿਚ ਲੀਨ ਰਹਿੰਦੀ। ਆਪ ਦਾ ਜੀਵਨ ਗੁਰਬਾਣੀ ਦੇ ਹੇਠ ਲਿਖੇ ਸੁਨਹਿਰੀ ਸਿਧਾਂਤ ਅਨੁਸਾਰ ਸੀ –

ਜਿਨ੍ਾ ਸਾਸਿ ਗਿਰਾਸ ਨ ਵਿਸਰੈ
ਹਰਿ ਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ
ਪੂਰਨੁ ਸੋਈ ਸੰਤੁ ॥

ਸੰਤ ਬਾਬਾ ਨਿਧਾਨ ਸਿੰਘ ਜੀ ਨੇ ਗੁਰੂਦੁਆਰੇ ਦੀ ਮਹਾਨਤਾ ਗੁਰਬਾਣੀ ਦੇ ਇਸ ਪਵਿਤ੍ਰ ਵਾਕ "ਗੁਰੂਦੁਆਰੇ ਹੋਇ ਸੋਝੀ ਪਾਇਸੀ" ਅਨੁਸਾਰ ਸਮਝ ਕੇ ਅਨੇਕ ਗੁਰਦੁਆਰਿਆਂ ਦੀ ਸੇਵਾ ਕਰਾਈ। ਆਪਨੇ ਗੁਰਦੁਆਰਾ ਲੰਗਰ ਸਾਹਿਬ, ਗੁਟਦੁਆਰਾ ਗੁਪਤਸਰ ਸਾਹਿਬ (ਮਨਮਾੜ), ਗੁਰਦੁਆਰਾ ਰਤਨਗੜ੍ਹ ਸਾਹਿਬ ਗੁਰਦੁਆਰਾ 33 ਖਾਲਸਾ ਦੀਵਾਨ ਕਰਾਚੀ ਅਤੇ ਗੁਰਦੁਆਰਾ ਸੰਤ ਦੀਵਾਨ ਸਿੰਘ ਨੜਾਲੋਂ ਅਤੇ ਹੋਰ ਅਨੇਕ ਗੁਰਧਾਮਾਂ ਦੀ ਸੇਵਾ ਕਰਾਈ।

ਵਿਦਿਆ ਵਿਚਾਰੀ ਤਾਂ ਪਰਉਪਕਾਰੀ।

ਇਹ ਗੁਰਬਾਣੀ ਦਾ ਮਹਾਂਵਾਕ ਵਿਦਿਆ ਦਾ ਉਦੇਸ਼ ਪ੍ਰਗਟ ਕਰਦਾ ਹੈ। ਸੰਤ ਬਾਬਾ ਜੀ ਨੇ ਸੰਸਾਰ ਦੇ ਪਰਉਪਕਾਰ ਵਾਸਤੇ ਸਕੂਲਾਂ ਅਤੇ ਕਾਲਜਾਂ ਨੂੰ ਭੀ ਆਰਥਕ ਸਹਾਇਤਾ ਦਿੱਤੀ।

ਗੁਰਧਾਮਾਂ ਦੇ ਇਸ ਮਹਾਨ ਸੇਵਕ ਨੇ ਪੰਜਾ ਸਾਹਿਬ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ 14 ਅਕਤੂਬਰ 1932 ਨੂੰ ਰੱਖਿਆ। ਆਪ ਨੀਂਹ ਪੱਥਰ ਰੱਖਣ ਵਾਲੇ ਪੰਜ ਪਿਆਰਿਆਂ ਵਿਚੋਂ ਇਕ ਸਨ।

ਪੰਜਾਂ ਪਿਆਰਿਆਂ ਦੇ ਨਾਮ ਹੇਠ ਲਿਖੇ ਹਨ —

(1) ਸ਼੍ਰੀ ਮਾਨ ਭਾ: ਸ: ਭਾ: ਰਣਧੀਰ ਸਿੰਘ ਜੀ
(2) ਸ਼੍ਰੀ ਮਾਨ ਭਾ: ਸ: ਭਾ: ਵਿਸਾਖਾ ਸਿੰਘ ਜੀ
(3) ਸ਼੍ਰੀ ਮਾਨ ਭਾ: ਸ: ਭਾ: ਸੰਤ ਬੁੱਧ ਸਿੰਘ ਜੀ
(4) ਸ਼੍ਰੀ ਮਾਨ ਭਾ: ਸ: ਭਾ: ਬਾਬਾ ਨਿਧਾਨ ਸਿੰਘ ਜੀ
(5) ਸ਼੍ਰੀ ਮਾਨ ਭਾ: ਸ: ਭਾ: ਪ੍ਰੋਫੈਸਰ ਜੋਧ ਸਿੰਘ ਜੀ

ਮਹਾਨ ਪੁਰਖਾਂ ਨੂੰ ਅਕਾਲ ਪੁਰਖ ਦਾ ਸੱਦਾ ਆ ਗਿਆ। "ਘਲੇ ਆਵਹਿ ਨਾਨਕਾ ਸਦੇ ਉਠਿ ਜਾਹਿ" ਅਨੁਸਾਰ 4 ਅਗਸਤ 1947 ਨੂੰ ਜੋਤ ਮਹਾਂਜੋਤ ਅਤੇ ਆਤਮਾ ਪ੍ਰਮਾਤਮਾ ਵਿਚ ਸਮਾ ਗਈ ——

ਸੂਰਜ ਕਿਰਣਿ ਮਿਲੀ
ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ
ਸੰਪੂਰਨ ਥੀਆ ਰਾਮ ॥

ਪੰਥ ਦੇ ਪ੍ਰਸਿੱਧ ਵਿਦਵਾਨ ਸਰਦਾਰ ਅਮਰ ਸਿੰਘ ਦੁਸਾਂਝ ਇਕ ਵਾਰੀ ਲੇਖਕ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਸੰਤ ਬਾਬਾ ਨਿਧਾਨ ਸਿੰਘ ਦੀ ਮਹਾਨਤਾ ਦਰਸਾਂਉਦੇ ਕਿਹਾ ਜੀ
"Saint Nidhan Singh was one of the greatest spirtituals" ਆਪ ਦਾ ਆਦਰ ਸਿਰਫ ਸਿੱਖ ਜਾਂ ਹਿੰਦੂ ਨਹੀਂ ਸਗੋਂ ਮੁਸਲਮਾਨ ਵੀ ਬਹੁਤ ਮਾਣ ਕਰਦੇ ਸਨ। ਡਿਪਟੀ ਕਮਿਸ਼ਨਰ ਨਵਾਬ ਸ਼ਹਾਬਦੀਨ ਸਾਹਿਬ ਆਪ ਨੂੰ ਪੀਰ ਕਹਿੰਦੇ ਹੁੰਦੇ ਸਨ।

(ਅਕਾਲੀ ਪਤ੍ਰਕਾ
28 ਜੁਲਾਈ 1975)

# ਸੁਨਹਿਰੀ ਝਲਕੀਆਂ ਅਤੇ ਝਾਕੀਆਂ

(1) ਲੰਗਰ ਤਿਆਰ ਹੈ। ਨਗਾਰੇ ਤੇ ਚੋਟ ਵਜਦੀ ਹੈ ਸਮੂਹ ਸੰਗਤ ਲੰਗਰ ਛਕਦੀ ਹੈ। ਨਗਾਰੇ ਦੀ ਚੋਟ ਸੁਣ ਬਾਂਦਰ ਵੀ ਆ ਜਾਂਦੇ ਹਨ। ਕੰਧ ਨਾਲ ਕਤਾਰ ਬਣਾ ਲੈਂਦੇ ਹਨ। ਬਾਬਾ ਜੀ ਆਪ ਪ੍ਰਸ਼ਾਦਿਆਂ ਦਾ ਟੋਕਰਾ ਚੁੱਕ ਇਕ ਇਕ ਪ੍ਰਸ਼ਾਦਾ ਬਾਂਦਰਾਂ ਨੂੰ ਦਿੰਦੇ ਹਨ। ਬਾਂਦਰ ਚੁੱਪਚਾਪ ਬਿਨਾਂ ਸ਼ਰਾਰਤ ਪ੍ਰਸ਼ਾਦੇ ਲੈ ਚਲੇ ਜਾਂਦੇ ਇਸ ਤਰ੍ਹਾਂ ਪੰਗਤ ਦੀ ਭਾਵਨਾ ਬਾਬਾ ਜੀ ਨੇ ਸਿਰਫ ਮਨੁੱਖਾਂ ਵਿਚ ਹੀ ਨਹੀਂ ਸਗੋਂ ਜਾਨਵਰਾਂ ਵਿਚ ਵੀ ਪੈਦਾ ਕਰ ਦਿੱਤੀ ਸੀ।

(2) ਆਪ ਕੁਝ ਦਿਨ ਪਟਿਆਲਾ ਰਹੇ। ਇਕ ਫੌਜੀ ਦੇ ਘਰ ਦੀਵਾਨ ਲਾਇਆ। ਫੌਜੀ ਦੇ ਘਰ ਪੁੱਤਰ ਨਹੀਂ ਸੀ। ਬਾਬਾ ਜੀ ਨੇ ਫੌਜੀ ਦੇ ਘਰ ਪੁੱਤਰ ਵਾਸਤੇ ਅਰਦਾਸ ਕੀਤੀ। "ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਇ ਕਿਰਪਾਲ" ਅਨੁਸਾਰ ਵਾਹਿਗੁਰੂ ਦਇਆਲ ਹੋਏ ਅਤੇ ਸਮੇਂ ਸਿਰ ਫੌਜੀ ਦੇ ਘਰ ਪੁੱਤਰ ਪੈਦਾ ਹੋਇਆ।

(3) ਬਰਸਾਤ ਦਾ ਮੌਸਮ ਸੀ। ਕੋਇਲ ਕੂਕ ਰਹੀ ਸੀ। ਕਾਲੇ ਬੱਦਲ ਅਕਾਸ਼ ਵਿਚ ਉਡਾਰੀਆਂ ਲਾ ਰਹੇ ਸਨ। ਸੁਹਾਵਣੀ ਕੁਦਰਤ ਦੀ ਗੋਦ ਵਿਚ ਬੈਠ ਸੰਤ ਹਰਿ ਕੀਰਤਨ ਦੀ ਵਰਖਾ ਕਰ ਰਿਹਾ ਸੀ। ਨੜਾਲੋਂ ਦੀ ਧਰਤੀ ਫੂਲੀ ਨਹੀਂ ਸੀ ਸਮਾਉਂਦੀ। ਸੰਗਤ ਦਾ ਮਨ ਅਤੇ ਤਨ 'ਧੁਰ ਦੀ ਬਾਣੀ' ਦੇ ਇਲਾਹੀ ਕੀਰਤਨ ਨਾਲ ਝੂਮ ਰਿਹਾ ਸੀ। ਧਰਤੀ ਉੱਤੇ ਸਵਰਗ ਉਤਰਿਆ ਜਾਪਦਾ ਸੀ। ਮਾਇਆ ਦੇ ਢੇਰ ਲੱਗ ਰਹੇ ਸਨ। ਮਾਇਆ ਸੰਤ ਦੇ ਚਰਨ ਛੂਹ ਪ੍ਰਾਪਤ ਕਰਨ ਲਈ ਕਾਹਲੀ ਸੀ। ਸੰਤ ਪਤਾਸਿਆਂ ਦਾ ਮੀਂਹ ਵਰਸਾ ਰਹੇ ਸਨ। ਲੰਗਰ ਚਲ ਰਿਹਾ ਸੀ। ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਚਲ ਰਹੇ ਸਨ। ਮਠਿਆਈ ਦਾ ਖੁੱਲ੍ਹਾ ਭੰਡਾਰ ਚਲ ਰਿਹਾ ਸੀ। ਬਾਬੇ ਦੇ 'ਕਰ ਕਮਲਾਂ' ਦੀ ਛੋਹ ਨਾਲ ਲੰਗਰ ਵਰਤਦਾ ਗਿਆ। 'ਸਤਿਨਾਮ ਵਾਹਿਗੁਰੂ' ਦੇ

ਜਾਪ ਦੀ ਗੂੰਜ ਆ ਰਹੀ ਸੀ। ਸੰਗਤਾ ਨੂੰ ਅੰਬ ਛਕਣ ਵਾਸਤੇ ਦਿੱਤੇ ਗਏ। ਗੱਡੇ ਅਤੇ ਗੱਡੀਆਂ ਨਾਲ ਆਏ ਪਸ਼ੂਆ ਨੂੰ ਵੀ ਮਠਿਆਈ ਖ਼ਾਣ ਦਾ ਸੁਭਾਗ ਪ੍ਰਾਪਤ ਹੋਇਆ। ਅਠਾਹਰਾ ਦਿਨ ਧਰਤੀ ਤੇ ਬੈਕੁੰਠ ਦੀ ਲਸ਼ਕ ਚਅਤੇ ਚਮਕ ਸੁਨਹਿਰੀ ਕਿਰਨਾ ਵੰਡਦੀ ਰਹੀ ਕਿਉਂਕਿ 'ਤਹਾਂ ਬੈਖੁੰਠ ਜਹ ਕੀਰਤਨੁ ਤੇਰਾ' ਗੁਰਬਾਣੀ ਦਾ ਫੁਰਾਮਨ ਹੈ।

(4) ਬਾਬਾ ਜੀ ਨੇ ਇਕ ਸਿੱਖ ਨੂੰ ਉਪਦੇਸ਼ ਕੀਤਾ ਕਿ ਲੰਗਰ ਵਾਸਤੇ ਧਰਮ ਦੀ ਕਿਰਤ ਵਿਚੋਂ ਸੇਵਾ ਕਰੋ। ਪਾਪ ਦੀ ਕਮਾਈ ਛਕਣ ਵਾਲੇ ਦਾ ਮਨ ਵੀ ਪਾਪੀ ਹੋ ਜਾਂਦਾ ਹੈ।

(5) ਸੰਨ 1942 ਆਪ ਪਾਕਿਸਤਾਨ ਵਿਚ ਹੁਣ ਸਥਿਤ ਛਾਉਣੀ ਐਬਟਾਬਾਦ ਗਏ। ਆਪ ਜੀ ਨੇ ਚਮਕੌਰ ਦਾ ਸ਼ਹੀਦੀ ਸਾਕਾ ਸੁਣਾਇਆ ਜਿਸ ਦੀਆਂ ਦੋ ਸਤਰਾਂ ਇਸ ਤਰ੍ਹਾਂ ਸਨ –

ਜੀਂਦੇ ਮਿਲਾਂਗੇ ਵੀਰਨਾ॥
ਖੜਿਆਂ ਨੂੰ ਦੇਰ ਵੀਰਨਾ॥

ਜਥੇਦਾਰ ਕਰਤਾਰ ਸਿੰਘ ਜੋ ਕਿ ਦੀਵਾਨ ਦੇ ਖਜ਼ਾਨਚੀ ਸਨ ਨੇ ਦਸਿਆ ਹੈ ਕਿ 10 ਹਜ਼ਾਰ ਰੁਪਿਆ ਥੋੜੇ ਸਮੇਂ ਵਿਚ ਹੀ ਇਕੱਤਰ ਹੋ ਗਿਆ।

(6) ਆਪ ਸੰਨ 1938 ਸੰਤ ਮੇਲਾ ਸਿੰਘ ਗੁਰਦੁਆਰਾ ਨਡਾਲੋਂ ਦਰਸ਼ਨ ਦਿੱਤੇ। ਆਪ ਜੀ ਨੇ ਖੜ ਕੇ ਖੜਤਾਲਾਂ ਨਾਲ ਕੀਰਤਨ ਕੀਤਾ ਜਿਨ੍ਹਾਂ ਦਾ ਭਾਰ 5 ਸੇਰ ਦੇ ਲਗਭਗ ਸੀ। ਆਪ ਨੇ ਭਵਿਸ਼ ਬਾਣੀ ਕੀਤੀ ਕਿ ਉਹ ਅੰਤਮ ਵਾਰ ਹੀ ਨਡਾਲੋਂ ਆਏ ਹਨ। ਆਪ ਜੀ ਨੇ ਸੁਰੀਲੀ ਅਵਾਜ਼ ਵਿਚ ਸੰਗਤਾਂ ਨੂੰ ਇਸ਼ਾਰਾ ਕੀਤਾ –

ਤੁਸੀਂ ਦੇਸਾਂ ਵਾਲੇ ਅਸੀਂ ਹੋਏ ਪਰਦੇਸੀ॥

(7) ਮੀਂਹ ਨਹੀਂ ਸੀ ਪੈ ਰਿਹਾ। ਫਸਲਾਂ ਸੁੱਕ ਰਹੀਆਂ ਸਨ। ਪਿੰਡ ਨਡਾਲੋਂ ਵਿਚ ਲਗਾਤਾਰ ਕੀਰਤਨ ਹੋ ਰਿਹਾ ਸੀ। ਸੰਗਤ ਖੂਹਾਂ ਨਾਲ ਸਿੰਚਾਈ ਕਰਨ ਲਈ ਤਿਆਰੀ ਕਰ ਰਹੀ ਸੀ। ਸੰਤਾਂ ਅਰਦਾਸ ਕੀਤੀ।

ਅਚਾਨਕ ਇਕ ਕਾਲੀ ਬੱਦਲੀ ਛਾ ਗਈ ਅਤੇ ਮੀਂਹ ਬਹੁਤ ਜ਼ੋਰ ਨਾਲ ਪਿਆ। ਕੀਰਤਨ ਅਨੇਕ ਦਿਨ ਹੁੰਦਾ ਰਿਹਾ।

(8) ਦਾਸ ਨੂੰ ਖੁਰਮਪੁਰ ਪਿੰਡ ਦੀ ਸੰਗਤ ਨੇ ਇਕ ਸਿੱਖਿਆ ਦਾਇਕ ਘਟਨਾ ਸੁਣਾਈ। ਬਾਬਾ ਜੀ ਨਾਲ ਸੰਗਤ ਸ਼ਬਦ ਕੀਰਤਨ ਕਰਦੀ ਖੁਰਮਪੁਰ ਤੋਂ ਨਡਾਲੋਂ ਪਹੁੰਚੀ। ਖੁੱਡ ਵਿਚੋਂ ਇਕ ਕਡੋਰਨਾ ਨਿਕਲ ਕੇ ਸੰਤਾਂ ਪਾਸ ਆ ਕੇ ਰੁਕ ਗਿਆ ਅਤੇ ਨਮਸਕਾਰ ਕੀਤੀ। ਬਾਬਾ ਜੀ ਆਖਿਆ "ਤੂੰ ਗੁਰੂਦੁਆਰੇ ਦੀ ਉਸਾਰੀ ਸਮੇਂ ਵਿਰੋਧਤਾ ਕੀਤੀ ਸੀ। ਮੈਂ ਮਾਫ ਨਹੀਂ ਕਰ ਸਕਦਾ। ਸਿਰਫ ਗੁਰੂ ਗੋਬਿੰਦ ਸਿੰਘ ਜੀ ਬਖਸ਼ ਸਕਦੇ ਹਨ।" ਇਹ ਬਚਨ ਸੁਣ ਕੇ ਕਡੋਰਨਾ ਫਿਰ ਖੁੱਡ ਵਿਚ ਚਲੇ ਗਿਆ।

(9) ਬਾਬਾ ਜੀ ਦੀ ਮਾਤਾ ਅਕਾਲ ਚਲਾਣਾ ਕਰ ਗਏ। ਆਪ ਨਡਾਲੋਂ ਆਏ। ਮਾਤਾ ਜੀ ਦੇ ਨਾਮ ਕੁਝ ਪੈਸੇ ਸਨ। ਸੰਤਾਂ ਸਾਰੀ ਮਾਇਆ ਸੰਗਤ ਨੂੰ ਲੰਗਰ ਛਕਾਉਣ ਵਿਚ ਖਰਚ ਦਿੱਤੀ।

(10) ਦੀਵਾਨ ਵਿਚ ਸੰਗਤ ਬਹੁਤ ਸੀ। ਸੰਤਾਂ ਨੂੰ ਦਸਿਆ ਗਿਆ ਕਿ ਕੜਾਹ ਪ੍ਰਸ਼ਾਦ ਲੋੜ ਅਨੁਸਾਰ ਘੱਟ ਹੈ। ਸੰਤਾਂ ਬਚਨ ਕੀਤਾ ਕਿ ਕੜਾਹ ਪ੍ਰਸ਼ਾਦ ਦੇ ਬਰਤਨ ਨੂੰ ਰੁਮਾਲੇ ਨਾਲ ਢੱਕ ਕੇ ਪ੍ਰਸ਼ਾਦ ਵਰਤਾਈ ਜਾਉ। ਸੰਗਤਾਂ ਬਚਨ ਸਤਿ ਕਰਕੇ ਜਾਣਿਆ। ਕੜਾਹ ਪ੍ਰਸ਼ਾਦ ਵੰਡਿਆ ਗਿਆ। ਸੰਗਤਾਂ ਦੇ ਪ੍ਰਸ਼ਾਦ ਛਕਣ ਤੋਂ ਬਾਦ ਭੀ ਕੁਝ ਪ੍ਰਸ਼ਾਦ ਬਚ ਗਿਆ।

(11) ਸੰਤਾਂ ਦੀ ਯਾਦ ਵਿਚ ਇਕ ਭਾਰੀ ਜਲੂਸ ਨਰੂੜ ਪਿੰਡ ਵਿਚੋਂ ਲੰਘ ਰਿਹਾ ਸੀ। ਇਕ ਗੁਰਮੁੱਖ ਗੁਰਦੀਪ ਸਿੰਘ ਪਿੰਡ ਫਤਿਹਪੁਰ ਜ਼ਿਲਾ ਹੁਸ਼ਿਆਰਪੁਰ ਨੇ ਜਲੂਸ ਵਿਚ ਸ਼ਾਮਲ ਹੋ ਕੇ ਅਰਦਾਸ ਕੀਤੀ ਕਿ ਉਸਦੇ ਘਰ ਪੁੱਤਰ ਹੋਵੇ। ਸਮਾਂ ਹੋਣ ਪਰ ਉਸਦੇ ਘਰ ਚੰਦ ਵਰਗਾ ਪੁੱਤਰ ਪੈਦਾ ਹੋਇਆ। ਗੁਰਦੀਪ ਸਿੰਘ ਨੇ ਪੁੱਤਰ ਨੂੰ ਨਡਾਲੋਂ ਬਾਬਾ ਜੀ ਦੇ ਗੁਰਦੁਆਰੇ ਮੱਥਾ ਟਕਾਇਆ ਅਤੇ 51 ਰੁ: ਭੇਂਟ ਕੀਤੇ ਅਤੇ ਕੜਾਹ ਪ੍ਰਸ਼ਾਦ ਤੇ ਇਕ ਪੋਸ਼ਾਕ ਦੀ ਸੇਵਾ ਕੀਤੀ। ਸੰਗਤਾਂ ਕੜਾਹ

ਪ੍ਰਸ਼ਾਦ ਛਕਿਆ ਅਤੇ ਵਾਹਿਗੁਰੂ ਦਾ ਧੰਨਵਾਦ ਕੀਤਾ। ਸੰਤਾਂ ਦੇ ਚਰਨਾ ਵਿਚ ਬੇਨਤੀ ਅਤੇ ਸੰਤਾਂ ਦੀ ਵਾਹਿਗੁਰੂ ਅੱਗੇ ਅਰਦਾਸ ਹਮੇਸ਼ਾ ਪਰਵਾਨ ਹੁੰਦੀ ਹੈ।

(12) ਸੰਤ ਬਾਬਾ ਨਿਧਾਨ ਸਿੰਘ ਨਡਾਲੋਂ ਆਏ ਹੋਏ ਸਨ। ਸ਼ਬਦ ਕੀਰਤਨ ਚਲ ਰਿਹਾ ਸੀ। ਇਕ ਸਿੱਖ 500 ਰੁ: ਲੈ ਕੇ ਪਹੁੰਚਿਆ ਅਤੇ ਸੇਵਾ ਭੇਟ ਕੀਤੀ। ਉਸਦੇ ਕੋਈ ਪੁੱਤਰ ਨਹੀਂ ਸੀ। ਬਾਬਾ ਜੀ ਮਨ ਦੀ ਗੱਲ ਜਾਣ ਗਏ। ਬਾਬਾ ਜੀ ਆਖਿਆ "ਆਹ ਲਉ ਆਪਣੇ ਪੁੱਤਰ ਦਾ ਭੀ ਪ੍ਰਸ਼ਾਦ" ਇਹ ਸਿੰਘ ਪਿੰਡ ਪੰਜੌੜ ਦਾ ਸੀ। ਕੁਛ ਸਮੇਂ ਬਾਦ ਗੁਰਸਿੱਖ ਦੇ ਘਰ ਪੁੱਤਰ ਪੈਦਾ ਹੋਇਆ।

(13) ਸ: ਰਘਬੀਰ ਸਿੰਘ ਠੇਕੇਦਾਰ (ਬੱਡੋਂ) ਦੇ ਘਰ ਇਕ ਲੜਕਾ ਪੈਦਾ ਹੋਇਆ ਪਰ ਅਕਾਲ ਚਲਾਣਾ ਕਰ ਗਿਆ। ਰਘਬੀਰ ਸਿੰਘ ਨੇ ਹਜ਼ੂਰ ਸਾਹਿਬ ਸੰਤ ਨਿਧਾਨ ਸਿੰਘ ਜੀ ਦੇ ਦਰਸ਼ਨ ਕਰਨ ਦਾ ਖਿਆਲ ਬਣਾਇਆ। ਪਰ ਸੰਤਾਂ ਸੰਨ 1940 ਨਡਾਲੋਂ ਦਰਸ਼ਨ ਦਿੱਤੇ। ਰਘਬੀਰ ਸਿੰਘ ਨੇ ਨਡਾਲੋਂ ਦੀਵਾਨ ਵਿਚ ਸੰਤਾਂ ਦੇ ਦਰਸ਼ਨ ਕੀਤੇ। ਅਤੇ ਸੰਤਾਂ ਨੂੰ ਆਪਣੇ ਘਰ ਲੰਗਰ ਛਕਣ ਲਈ ਬੇਨਤੀ ਕੀਤੀ। ਸੰਤ ਬੱਡੋਂ ਗਏ। ਲੰਗਰ ਲੋੜ ਤੋਂ ਘੱਟ ਸੀ ਪਰ ਸੰਗਤ ਬਹੁਤ ਸੀ। ਸੰਤਾਂ ਅਰਦਾਸ ਕਰਕੇ ਲੰਗਰ ਨੂੰ ਰੁਮਾਲੇ ਨਾਲ ਢੱਕ ਦਿੱਤਾ ਅਤੇ ਲੰਗਰ ਵਰਤਾਣਾ ਸ਼ੁਰੂ ਕੀਤਾ। ਸੰਗਤ ਲੰਗਰ ਛਕਿਆ ਅਤੇ ਕਾਫੀ ਬਚ ਗਿਆ। ਸੰਤਾਂ ਸਪੁੱਤਰ ਵਾਸਤੇ ਅਰਦਾਸ ਕੀਤੀ। ਅਰਦਾਸ ਵਾਹਿਗੁਰੂ ਨੂੰ ਪ੍ਰਵਾਨ ਹੋਈ ਅਤੇ ਲੜਕਾ ਪੈਦਾ ਹੋਇਆ ਅਤੇ ਰਘਬੀਰ ਸਿੰਘ ਨੇ ਲੜਕੇ ਦਾ ਨਾਮ ਹਰਬੰਸ ਸਿੰਘ ਰੱਖਿਆ। ਰਘਬੀਰ ਸਿੰਘ 601 ਰੁ: ਗੁਰਦੁਆਰੇ ਵਾਸਤੇ ਭੇਟ ਕੀਤੇ। ਉਪਰ ਲਿਖੀਆਂ ਸੁੰਦਰ ਘਟਨਾਵਾਂ ਗੁਰਬਾਣੀ ਦੀ ਮਹਾਂ ਸਚਾਈ ਦਾ ਸਬੂਤ ਹਨ —

ਚਾਰ ਪਦਾਰਥ ਜੇ ਕੋ ਮਾਗੈ<br>
ਸਾਧ ਜਨਾ ਕੀ ਸੇਵਾ ਲਾਗੈ॥

(ਗੁਰੂ ਅਰਜਨ ਦੇਵ ਜੀ—ਸੁਖਮਨੀ ਸਾਹਿਬ)

(14) ਸੰਤ ਬਾਬਾ ਆਤਮਾ ਸਿੰਘ ਜੀ ਮੌਨੀ ਨੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਦੀ ਸੁਨਹਿਰੀ ਘਟਨਾ ਸੁਣਾਈ ਇਕ ਵਾਰੀ ਸੰਤ ਬਾਬਾ ਨਿਧਾਨ ਸਿੰਘ ਅਤੇ ਸੰਤ ਬਾਬਾ ਆਤਮਾ ਸਿੰਘ ਜੀ ਮਨਵਾੜ ਦੇ ਸਥਾਨ ਵਿਖੇ ਚੜਸ ਨਾਲ ਲੰਗਰ ਵਾਸਤੇ ਬੀਜੀ ਸਬਜ਼ੀ ਨੂੰ ਪਾਣੀ ਦੇ ਰਹੇ ਸਨ। ਸਬਜ਼ੀ ਦਾ ਖੇਤ ਗੁਰਦੁਆਰਾ ਸਾਹਿਬ ਤੋਂ ਥੋੜੀ ਦੂਰ ਸੀ। ਅਚਾਨਕ ਬਹੁਤ ਸੰਗਤ ਆ ਗਈ। ਸੇਵਾਦਾਰਾਂ ਨੇ ਸੰਤਾਂ ਨੂੰ ਸੂਚਨਾ ਦਿੱਤੀ। ਲੰਗਰ ਵਰਤਾਇਆ ਜਾ ਰਿਹਾ ਸੀ। ਕਲਗੀਵਾਲੇ ਆਪ ਸੰਤਾਂ ਦਾ ਰੂਪ ਧਾਰ ਕੇ ਸੰਗਤ ਨੂੰ ਲੰਗਰ ਛਕਾਉਣ ਲੱਗੇ। ਸੰਤ ਬਾਬਾ ਨਿਧਾਨ ਸਿੰਘ ਜੀ ਨੇ ਸੰਤ ਬਾਬਾ ਆਤਮਾ ਸਿੰਘ ਮੌਨੀ ਜੀ ਨੂੰ ਲੰਗਰ ਵਿਚੋਂ ਪ੍ਰਸ਼ਾਦਾ ਲਿਆਉਣ ਵਾਸਤੇ ਭੇਜਿਆ ਸੰਤ ਆਤਮਾ ਸਿੰਘ ਜੀ ਬਹੁਤ ਹੀ ਹੈਰਾਨ ਹੋ ਗਏ ਕਿ ਸੰਤ ਨਿਧਾਨ ਸਿੰਘ ਤਾਂ ਸਬਜ਼ੀ ਨੂੰ ਪਾਣੀ ਦੇ ਰਹੇ ਹਨ ਅਤੇ ਇਸ ਜਗ੍ਹਾ ਕਿਵੇਂ ਪਹੁੰਚ ਗਏ। ਸੰਤ ਆਤਮਾ ਸਿੰਘ ਪ੍ਰਸ਼ਾਦਾ ਲੈ ਕੇ ਵਾਪਸ ਆ ਗਏ ਅਤੇ ਸਾਰਾ ਚਮਤਕਾਰ ਸੰਤ ਨਿਧਾਨ ਸਿੰਘ ਜੀ ਨੂੰ ਦੱਸਿਆ। ਸੰਤ ਨਿਧਾਨ ਸਿੰਘ ਜੀ ਦਾ ਮਨ ਗੁਰੂ ਚਰਨਾਂ ਵਿਚ ਜੁੜ ਗਿਆ ਅਤੇ ਸ਼ਬਦ ਗਾਉਣਾ ਸ਼ੁਰੂ ਕੀਤਾ —

ਸੰਤਾਂ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ
ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ
ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥

ਅਪਨਾ ਬਿਰਦੁ ਰਖਿਆ
ਪਰਮੇਸਰਿ ਨਾਨਕ ਨਾਮੁ ਧਿਆਇਆ ॥

(ਗੁਰੂ ਅਰਜਨ ਦੇਵ ਜੀ-ਰਾਗ ਸੂਹੀ)

(15) ਪੂਨੇ ਸ਼ਹਿਰ ਵਿੱਚ ਦੀਵਾਨ ਸਜਿਆ ਹੋਇਆ ਸੀ। ਗੁਰਬਾਣੀ ਦਾ ਰਸਭਿੰਨਾ ਕੀਰਤਨ ਹੋ ਰਿਹਾ ਸੀ। ਇਕ ਰੋਗੀ ਦਾ ਮੰਜਾ ਸੰਗਤ ਵਿਚ ਸੰਤਾਂ ਕੋਲ ਲਿਆ ਕੇ ਰੱਖ ਦਿੱਤਾ ਅਤੇ ਬਿਮਾਰ ਦੇ ਰਿਸ਼ਤੇਦਾਰਾਂ ਬੇਨਤੀ ਕੀਤੀ "ਕਿ ਸਭ ਪਾਸੇ ਇਲਾਜ ਕਰਾਇਆ ਪਰ ਆਰਾਮ ਨਹੀਂ ਆਇਆ। ਹੁਣ ਸਭ ਪਾਸੇ ਛੱਡ ਕੇ ਸੰਤਾਂ ਦੇ ਦਰ ਆਏ ਹਾਂ"। ਸੰਤਾਂ ਸੰਗਤਾਂ ਨੂੰ ਕਿਹਾ ਇਸਦਾ ਰੋਗ ਸਭ ਸੰਗਤ ਨੇ ਰਲ ਮਿਲ ਕੱਟਣਾ ਹੈ। ਸੰਗਤ ਦਾ ਕੀ ਹੁਕਮ ਹੈ?" ਪਰੰਤੂ ਸੰਗਤ ਵਲੋਂ ਕੋਈ ਉੱਤਰ ਨਾ ਆਇਆ। ਸੰਤ ਫਿਰ ਆਪ ਹੀ ਕਹਿਣ ਲੱਗੇ, "ਇਸ ਬਿਮਾਰ ਦਾ ਰੋਗ ਅਸੀਂ ਲੈਂਦੇ ਹਾਂ।" ਰੋਗੀ ਦਿਨ ਪਰ ਦਿਨ ਠੀਕ ਹੁੰਦਾ ਗਿਆ ਅਤੇ ਸੰਤ ਬਿਮਾਰ ਹੁੰਦੇ ਗਏ। ਬ੍ਰਹਮ ਗਿਆਨੀ ਸੰਤ ਜਵਾਲਾ ਸਿੰਘ ਹਰਖੋਵਾਲ ਨੂੰ ਵੀ ਆਪ ਦੀ ਬਿਮਾਰੀ ਦੀ ਖਬਰ ਪਹੁੰਚੀ। ਆਪਣੇ ਨਾਲ ਪੰਜ ਸੱਚੇ ਅਤੇ ਸੁੱਚੇ ਸਿੰਘ ਜੋ ਸੁੱਧ ਪਾਠ ਕਰਦੇ ਸਨ ਹਜ਼ੂਰ ਸਾਹਿਬ ਲੈ ਆਏ। ਸ਼੍ਰੀ ਅਖੰਡ ਪਾਠ ਆਰੰਭ ਕੀਤਾ ਗਿਆ। ਬਾਬਾ ਨਿਧਾਨ ਸਿੰਘ ਠੀਕ ਹੁੰਦੇ ਗਏ। ਅਖੰਡ ਪਾਠ ਦੇ ਭੋਗ ਸਮੇਂ ਆਪ ਬਿਲਕੁਲ ਅਰੋਗ ਹੋ ਗਏ। ਅਤੇ ਖੜਤਾਲਾਂ ਨਾਲ ਕੀਰਤਨ ਕੀਤਾ। ਆਪ ਅਤੇ ਸਾਧ ਸੰਗਤ ਸ਼ਬਦ ਕੀਰਤਨ ਕਰਦੇ ਸੱਚ ਖੰਡ ਗੁਰਦੁਆਰੇ ਆਏ। ਇਹ ਉਦਾਹਰਣ ਸਾਬਤ ਕਰਦੀ ਹੈ ਕਿ ਸੰਤ ਸਾਧ ਸੰਗਤ ਦਾ ਦੁੱਖ ਕੱਟਣ ਲਈ ਆਪ ਦੁੱਖ ਸਹਾਰਦੇ ਸਨ। ਸਾਡਾ ਵਿਚਾਰ ਹੈ ਕਿ ਇਹ ਸਿਖਿਆਦਾਇਕ ਘਟਨਾ ਪੜ੍ਹ ਕੇ ਸੰਗਤ ਦੇ ਮੂੰਹ ਵਿਚੋਂ ਆਪਣੇ ਆਪ ਗੁਰੂ ਅਰਜਨ ਦੇਵ ਜੀ ਦੇ ਸ਼ੁਭ ਬਚਨ ਨਿਕਲਣਗੇ —

ਸਰਬ ਰੋਗ ਕਾ ਅਉਖਧੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

# ਪੂਜਾ ਦਾ ਧੰਨ

(16) ਸੰਤ ਨਿਧਾਨ ਸਿੰਘ ਜੀ ਨੇ ਇਕ ਸਿੱਖ ਨੂੰ ਚਿਤਾਵਨੀ ਦਿੱਤੀ ਕਿ ਉਹ ਪੂਜਾ ਦਾ ਧਨ ਨਿਜੀ ਅਰਥਾਤ ਆਪ ਨੇ ਘਰੇਲੂ ਕੰਮ ਲਈ ਨਾ ਵਰਤੇ ਨਹੀਂ ਤਾਂ ਨੁਕਸਾਨ ਹੋਵੇਗਾ। ਪੂਜਾ ਧਨ ਜ਼ਹਿਰ ਹੁੰਦਾ ਹੈ। ਭਾਈ ਗੁਰਦਾਸ ਜੀ ਵਾਰਾਂ ਵਿਚ ਲਿਖਦੇ ਹਨ —

ਜਿਉਂ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ॥

ਪਰ ਇਸ ਸਿੱਖ ਨੇ ਲਾਲਚ ਕੀਤਾ। ਉਸਨੇ ਪੂਜਾ ਦਾ ਧਨ ਕਪੜੇ ਦੇ ਵਪਾਰ ਵਿਚ ਖਰਚ ਕੀਤਾ। ਕੁਝ ਸਮੇਂ ਬਾਦ ਉਸ ਦੀ ਕਪੜੇ ਦੀ ਦੁਕਾਨ ਨੂੰ ਅੱਗ ਲੱਗ ਗਈ ਅਤੇ ਕਪੜਾ ਸੜ ਕੇ ਸੁਆਹ ਹੋ ਗਿਆ। ਪਰ ਉਸ ਆਦਮੀ ਨੇ ਫਿਰ ਵੀ ਸਬਕ ਨਾ ਸਿਖਿਆ। ਉਸਨੇ ਭੇਡਾਂ ਬਕਰੀਆਂ ਦੇ ਵਪਾਰ ਵਿਚ ਪੂਜਾ ਦਾ ਧਨ ਖਰਚ ਦਿੱਤਾ। ਸਭ ਭੇਡਾਂ ਬਕਰੀਆਂ ਬੀਮਾਰੀ ਨਾਲ ਮਰ ਗਈਆਂ। ਸੰਤਾਂ ਦੇ ਸ਼ਬਦ ਸੱਚੇ ਸਾਬਤ ਹੋਏ।

ਇਕ ਨਡਾਲੋਂ ਨਿਵਾਸੀ ਸੰਤਾਂ ਪਾਸ ਹਜ਼ੂਰ ਸਾਹਿਬ ਗਿਆ। ਧਨ ਦੇ ਢੇਰ ਦੇਖ ਕੇ ਮਨ ਲਲਚਾ ਗਿਆ। ਉਸਨੇ ਸੰਤਾਂ ਅੱਗੇ ਚਾਦਰ ਵਿਛਾ ਦਿੱਤੀ ਅਤੇ ਬੇਨਤੀ ਕੀਤੀ ਕਿ ਚਾਦਰ ਪੈਸਿਆਂ ਨਾਲ ਭਰ ਦੇਣ। ਸੰਤਾਂ ਉਤਰ ਦਿੱਤਾ ਕਿ ਉਹ ਜ਼ਹਿਰ ਜਾਂ ਪਾਰਾ ਖਾਣ ਲਈ ਨਹੀਂ ਵੰਡਦੇ ਸਗੋਂ ਲੰਗਰ ਦੇ ਪ੍ਰਸ਼ਾਦੇ ਵੰਡਦੇ ਹਨ।

ਸੰਤ ਬਾਬਾ ਨਿਧਾਨ ਸਿੰਘ ਜੀ ਨੇ ਗੁਰੂ ਸਾਹਿਬਾਨ ਦੇ ਜੀਵਨ ਤੋਂ ਬਹੁਤ ਕੁਛ ਸਿਖਿਆ ਸੀ। ਪੂਜਾ ਧਨ ਦਾ ਜ਼ਹਿਰ ਹੋਣਾ ਭੀ ਗੁਰੂ ਜੀ ਦੀ ਬਾਣੀ ਅਤੇ ਸਾਖੀਆਂ ਦਾ ਸੰਦੇਸ਼ ਸੀ। ਗੁਰੂ ਅੰਗਦ ਦੇਵ ਜੀ

ਨੇ ਆਪਣੇ ਪੁੱਤਰਾਂ ਨੂੰ ਦੁਕਾਨਦਾਰੀ ਜਾਂ ਖੇਤੀਬਾੜੀ ਨਾਲ ਗੁਜ਼ਾਰਾ ਕਰਨ ਦਾ ਉਪਦੇਸ਼ ਦਿੱਤਾ ਸੀ। ਗੁਰੂ ਅਮਰਦਾਸ ਜੀ ਭਾਈ ਜਿਉਣੇ ਨੂੰ 'ਮੰਜੀ' ਸੰਭਾਲਣ ਸਮੇਂ ਉਪਦੇਸ਼ ਦਿੱਤਾ ਸੀ ਕਿ ਘਾਲ ਕਮਾਈ ਕਰਕੇ ਜੀਵਨ ਬਤੀਤ ਕਰਨਾ ਅਤੇ ਪੂਜਾ ਦਾ ਧਨ ਨਹੀਂ ਵਰਤਣਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪੂਜਾ ਧਨ ਤੋਂ ਬਚਣ ਦੀ ਸਿਖਿਆ ਦਿੱਤੀ। ਆਪ ਜੀ ਨੇ ਭੇਂਟਾ ਦਾ ਧਨ ਚਰਨ ਗੰਗਾ ਵਿਚ ਸੁੱਟ ਦਿੱਤਾ। ਕੁਝ ਸਿੱਖਾਂ ਮਾਤਾ ਗੁਜਰੀ ਜੀ ਪਾਸ ਸ਼ਕਾਇਤ ਕੀਤੀ। ਗੁਰੂ ਜੀ ਅਮੋਲਕ ਸ਼ਬਦ ਬਖਸ਼ੇ, ਕੋਈ ਭੀ ਪਿਤਾ ਆਪਣੇ ਪੁੱਤਰਾਂ ਨੂੰ ਜ਼ਹਿਰ ਨਹੀਂ ਦਿੰਦਾ। ਜੋ ਇਸ ਜ਼ਹਿਰ ਤੋਂ ਬਚੇਗਾ ਉਸਦਾ ਪ੍ਰਤਾਪ ਵਧੇਗਾ ਨਹੀਂ ਤਾਂ ਢਹਿੰਦੀ ਕਲਾ ਹੋਵੇਗੀ। ਆਪ ਜੀ ਫੁਰਮਾਉਂਦੇ ਹਨ —

ਜੈਸੇ ਮੁਝ ਕੋ ਜ਼ਹਿਰ ਤੂੰ ਦੇ ਸਕਹਿ ਨਹੀਂ ਮਾਤਾ॥<br>
ਤਯੋਂ ਮੇਰੇ ਸੁਤ ਸਿਖ<br>
ਇਹ ਪੂਜਾ ਜ਼ਹਿਰ ਸਖਯਾਤਾ॥

(ਪੰਥ ਪ੍ਰਕਾਸ਼—ਗਿਆਨੀ ਗਿਆਨ ਸਿੰਘ)

ਇਕ ਸਿੱਖ ਜੋਧੇ ਸ਼ਾਹ ਨੇ ਇਕ ਬਹੁਤ ਵੱਡਾ ਸੱਪ ਤੜਫਦਾ ਹੋਇਆ ਦੇਖਿਆ ਜਿਸ ਨੂੰ ਕੀੜੇ ਖਾ ਰਹੇ ਸਨ। ਜੋਧੇ ਸ਼ਾਹ ਨੇ ਗੁਰੂ ਹਰਗੋਬਿੰਦ ਸਾਹਿਬ ਤੋਂ ਇਸ ਦਾ ਕਾਰਣ ਪੁੱਛਿਆ- ਮੀਰੀ ਪੀਰੀ ਦੇ ਪਾਤਸ਼ਾਹ ਨੇ ਉੱਤਰ ਦਿੱਤਾ ਕਿ ਇਹ ਕੁਕਰਮੀ ਮਹੰਤ ਬਣਕੇ ਲੋਕਾਂ ਨੂੰ ਲੁੱਟਦਾ ਖਾਂਦਾ ਸੀ। ਐਬੀ ਲਾਲਚੀ ਮਰ ਕੇ ਸੱਪ ਦੀ ਜੂਨ ਪੈ ਗਿਆ ਅਤੇ ਇਸਦਾ ਇਹ ਹਾਲ ਹੋ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਪੂਜਾ ਦਾ ਧੰਨ ਸੰਗਤ ਵਾਸਤੇ ਖਰਚਣ ਲਈ ਹੁੰਦਾ ਹੈ। ਜੇ ਪੂਜਾ ਦਾ ਧੰਨ ਸਿਰਫ ਇਕੱਠਾ ਹੀ ਰਹਿਣ ਦਿੱਤਾ ਜਾਵੇ ਅਤੇ ਸੰਗਤ ਵਾਸਤੇ ਨਾ ਖਰਚਿਆ ਜਾਵੇ ਤਾਂ ਪਰਵਾਰ ਨੂੰ ਇਸ ਤਰ੍ਹਾਂ ਨਸ਼ਟ ਕਰ ਦਿੰਦਾ ਹੈ

ਜਿਵੇਂ ਬਿਨਾ ਪਰਨਾਲੇ ਤੋ ਰੁਕਿਆ ਮੀਹ ਦਾ ਪਾਣੀ ਮਕਾਨ ਨੂੰ ਢਾਹ ਢੇਰੀ ਕਰ ਦਿੰਦਾ ਹੈ। ਸੰਗਤ ਦਾ ਪੈਸਾ ਸੰਗਤ ਵਾਸਤੇ ਖਰਚ ਕਰਨਾ ਹੀ ਸਿੱਖ ਲਈ ਸੋਭਨੀਕ ਹੈ। ਗੁਰੂ ਗੋਬਿੰਦ ਸਿੰਘ ਸਜੀ ਨੇ ਤਾਂ ਭ੍ਰਿਸਟਾਚਾਰੀ ਮਸੰਦਾ ਨੂੰ ਸਜ਼ਾਵਾਂ ਵੀ ਦਿੱਤੀਆਂ ਸਨ।

## ਖੁੱਦਯੀਆਂ ਸ਼ਾਹ ਤੋਂ ਖੁਦਾ ਸਿੰਘ

(17) ਸੰਤ ਨਿਧਾਨ ਸਿੰਘ ਜੀ ਆਮ ਕਰਕੇ ਪਿੰਡ ਖੁਰਮਪੁਰ ਆਇਆ ਕਰਦੇ ਸਨ। ਇਸ ਪਿੰਡ ਵਿੱਚ ਇੱਕ ਮੁਸਲਮਾਨ ਪੀਰ ਖੁੱਦਯੀਆ ਸਾਹ ਰਹਿੰਦਾ ਸੀ। ਆਪ ਜੀ ਦੇ ਦਰਸ਼ਨ ਕਰਕੇ ਪੀਰ ਨੇ ਸਿੱਖੀ ਧਾਰਨ ਕਰ ਲਈ ਅਤੇ ਖੁਦਾ ਸਿੰਘ ਬਣ ਗਿਆ। ਸੰਤਾਂ ਦੇ ਹੁਕਮ ਅਨੁਸਾਰ ਲੰਗਰ ਚਲਾਉਣ ਲੱਗਾ ਅਤੇ ਹੁਣ ਵੀ ਲੰਗਰ ਚਲ ਰਿਹਾ ਹੈ।

## ਅਖੰਡ-ਪਾਠ ਸਮੇਂ ਸੇਵਾ

(18) ਇਕ ਅਮੀਰ ਆਦਮੀ ਨੇ ਘਰ ਵਿਚ ਅਖੰਡ ਪਾਠ ਸ਼ੁਰੂ ਕਰਾਇਆ। ਘਰ ਵਾਲਾ ਕੋਈ ਵੀ ਆਪ ਸੇਵਾ ਨਹੀ ਸੀ ਕਰ ਰਿਹਾ। ਸਿਰਫ ਨੌਕਰ ਹੀ ਸੇਵਾ ਕਰਦੇ ਸਨ। ਜਦੋਂ ਅਰਦਾਸ ਕੀਤੀ ਤਾਂ ਸੰਤਾਂ ਅਰਦਾਸ ਕੀਤੀ, "ਦਾਣਾ ਪਾਣੀ ਗੁਰੂ ਕਾ ਸੇਵਾ ਨੌਕਰਾਂ ਦੀ"। ਇਹ ਵਚਨ ਸੁਣਕੇ ਘਰਵਾਲੇ ਹੈਰਾਨ ਹੋ ਗਏ। ਸੰਤਾਂ ਦੇ ਚਰਨੀ ਪੈ ਗਏ। ਸੰਤਾਂ ਨੇ ਦੂਜੀ ਵਾਰ ਅਖੰਡ ਪਾਠ ਕਰਾਉਣ ਦਾ ਹੁਕਮ ਕੀਤਾ ਅਤੇ ਆਪ ਸੇਵਾ ਹੱਥੀ ਕਰਨ ਲਈ ਸਿਖਿਆ ਦਿੱਤੀ। ਇਸ ਵਾਰੀ ਘਰ ਵਾਲਿਆਂ ਬਹੁਤ ਸੇਵਾ ਕੀਤੀ। ਸੰਤਾਂ ਅਰਦਾਸ ਕੀਤੀ "ਦਾਣਾ-ਪਾਣੀ ਗੁਰੂ ਕਾ ਸੇਵਾ ਟਹਿਲੀਆਂ ਦੀ" ਅਰਥਾਤ ਅੰਨ ਪਾਣੀ ਵਾਹਿਗੁਰੂ ਦਿੰਦਾ ਹੈ ਅਤੇ ਸੇਵਾ ਸੇਵਕਾਂ ਕਰਨੀ ਹੈ।

# ਵਿਆਹ ਦੀ ਇਕ ਝਾਕੀ

(19) ਸੰਤਾਂ ਦੇ ਰਿਸ਼ਤੇਦਾਰਾਂ ਦੇ ਵਿਆਹ ਸੀ। ਲੰਗਰ ਬਹੁਤ ਸਾਦਾ ਸੀ। ਕੜ੍ਹੀ ਖਾਣ ਲਈ ਦਿੱਤੀ ਗਈ। ਦੇਸੀ ਘਿਉ ਦੀ ਵਰਤੋਂ ਕੀਤੀ ਗਈ। ਅਨੰਦ ਕਾਰਜ ਸਮੇਂ ਇਕ ਵਿਅਕਤੀ ਗੁਰੂ ਗਰੰਥ ਸਾਹਿਬ ਵਲ ਪਿੱਠ ਕਰਕੇ ਬੈਠ ਗਿਆ ਸੰਤਾਂ ਦੀ ਬੇਨਤੀ ਦੇ ਬਾਵਜੂਦ ਉਸਨੇ ਗੁਰੂ ਗਰੰਥ ਸਾਹਿਬ ਵੱਲ ਮੂੰਹ ਨਾ ਕੀਤਾ। ਸੰਤਾਂ ਨੇ ਲੱਤਾਂ ਤੋਂ ਫੜ ਕੇ ਘੁਮਾ ਦਿੱਤਾ ਅਤੇ ਮੂੰਹ ਗੁਰੂ ਗਰਥ ਸਾਹਿਬ ਵੱਲ ਕਰ ਦਿੱਤਾ। ਸਿੱਖ ਤਾਂ ਗੁਰੂ ਗਰੰਥ ਸਾਹਿਬ ਦਾ ਆਦਰ ਕਰਦਾ ਹੈ ਅਤੇ ਨਿਰਾਦਰ ਸਹਿਣ ਨਹੀਂ ਕਰ ਸਕਦਾ।

(20) ਦਿੱਲੀ-ਬੰਬਈ ਰੇਲਵੇ ਲਾਇਨ ਦੇ ਸਟੇਸ਼ਨ ਮਨਵਾੜ ਤੋਂ ਰੇਲ ਲਾਇਨ ਹਜ਼ੂਰ ਸਾਹਿਬ ਨੂੰ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਸੰਨ 1931 ਈ. ਵਿਚ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਦਰਸ਼ਨ ਦਿੱਤੇ ਅਤੇ ਸੰਗਤਾਂ ਦੇ ਅਰਾਮ ਅਤੇ ਲੰਗਰ ਵਾਸਤੇ ਗੁਪਤਸਰ ਸਾਹਿਬ ਪ੍ਰਗਟ ਕਰਨ ਲਈ ਹੁਕਮ ਕੀਤਾ। ਆਪ ਜੀ ਨੇ ਪੁਰਾਤਨ ਖੂਹ ਨੂੰ ਮੁੜ ਸਾਫ ਕੀਤਾ ਜਿੱਥੋਂ ਸੰਗਤਾਂ ਨੂੰ ਠੰਡਾ ਮਿੱਠਾ ਜਲ ਪੀਣ ਲਈ ਮਿਲਦਾ ਹੈ। 24 ਘੰਟੇ ਗੁਰੂ ਦਾ ਲੰਗਰ ਚਲਦਾ ਹੈ। ਗੁ: ਗੁਪਤਸਰ ਸਾਹਿਬ ਮਨਵਾੜ ਦੇ ਸਥਾਨ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹੂ ਰਾਉ ਦੇ ਸ਼ਾਹੀ ਕੈਦੀਆਂ ਬਾਲਾ ਰਾਉ ਅਤੇ ਰੁਸਤਮ ਰਾਉ ਨੂੰ ਸਤਾਰੇ ਦੇ ਕਿਲੇ ਵਿਚੋਂ ਸਹਿਣੇ ਨੀਲੇ ਘੋੜੇ ਦੀਆਂ ਰਕਾਬਾਂ ਫੜਾ ਕੇ ਲਿਆਂਦਾ ਸੀ।

(21) ਲੇਖਕ ਨੂੰ ਸੰਤਾਂ ਦੀ ਭਤੀਜੀ ਦਰੋਪਦੀ ਪਿੰਡ ਖੁਰਮਪੁਰ ਵਿਖੇ ਮਿਲਣ ਦਾ ਮੌਕਾ ਪ੍ਰਾਪਤ ਹੋਇਆ। ਆਪ ਸੰਤਾਂ ਪਾਸ ਹਜ਼ੂਰ ਸਾਹਿਬ ਜਾਇਆ ਕਰਦੇ ਸਨ। ਬੀਬੀ ਜੀ ਸਾਨੂੰ ਦੱਸਿਆ ਕੇ ਜਦੋਂ ਲੰਗਰ ਸ਼ੁਰੂ

ਕੀਤਾ ਲੰਗਰ ਵਾਸਤੇ ਬਰਤਣ ਇਕ ਦੋ ਥਾਲ 2 ਕੌਲੀਆਂ ਅਤੇ ਗਲਾਸ ਸਨ। ਜਦੋਂ ਕੋਈ ਯਾਤ੍ਰੀ ਲੰਗਰ ਵਾਸਤੇ ਮਾਇਆ ਭੇਂਟ ਕਰਦਾ ਸੰਤ ਹੋਰ ਬਰਤਣ ਲੈ ਆਉਂਦੇ। ਇਕ ਵਾਰੀ ਬੀਬੀ ਜੀ ਨਡਾਲੋਂ ਪਿੰਡ ਨੂੰ ਆਉਣਾ ਚਾਹੁੰਦੇ ਸਨ। ਸਟੇਸ਼ਨ ਤੇ ਪਹੁੰਚਣ ਵਿਚ ਦੇਰੀ ਹੋ ਗਈ। ਸੰਤਾਂ ਤਸਲੀ ਦਿੱਤੀ ਕਿ ਗੱਡੀ ਬੀਬੀ ਨੂੰ ਲੈ ਕੇ ਜਾਵੇਗੀ। ਰੱਬ ਦਾ ਭਾਣਾ ਇੰਜਣ ਵਿਚ ਨੁਕਸ ਪੈ ਗਿਆ। ਇੰਜਣ ਉਸ ਵੇਲੇ ਹੀ ਠੀਕ ਹੋਇਆ ਜਦੋਂ ਬੀਬੀ ਜੀ ਗੱਡੀ ਵਿਚ ਬੈਠ ਗਏ।

(22) ਭਗਤ ਸਿੰਘ ਪਿੰਡ ਛਨੀਟਲ ਸਿਆਲਕੋਟ ਦੇ ਵਸਨੀਕ ਸਨ। ਪੂਣੇ ਸਟੇਸ਼ਣ ਤੇ ਗੱਡੀ ਦੀ ਉਡੀਕ ਕਰ ਰਿਹਾ ਸੀ। ਉਹ ਸੂਬੇਦਾਰੀ ਪੈਨਸ਼ਨ ਤੇ ਪਿੰਡ ਜਾ ਰਿਹਾ ਸੀ। ਸੰਤਾਂ ਨੇ ਉਸਨੂੰ ਕੋਲ ਸੱਦਿਆ ਅਤੇ ਕਿਹਾ ਕਿ ਉਹ ਪਿੰਡ ਨ ਜਾਵੇ ਉਸਦੀ ਤਰੱਕੀ ਹੋਣੀ ਹੈ। ਉਸ ਹੀ ਵੇਲੇ ਸਟੇਸ਼ਨ ਤੇ ਟੈਲੀਫੋਨ ਆ ਗਿਆ ਅਤੇ ਕਰਨਲ ਸਾਹਿਬ ਨੇ ਸੂਚਨਾ ਦਿੱਤੀ ਕਿ ਪਲਟਣ ਵਿਚ ਗੜਬੜ ਹੋ ਗਈ ਹੈ ਹੁਣ ਉਹ ਬਾਪਸ ਆ ਜਾਵੇ। ਬਾਦ ਵਿਚ ਸੂਬੇਦਾਰ ਭਗਤ ਸਿੰਘ ਮੇਜਰ ਬਣ ਗਿਆ।

(23) ਜ਼ਿਲਾ ਮੁਲਤਾਨ ਦੇ ਚੈਕ ਨੰ. 19 ਵਿਚ ਸੰਤ ਜੀ ਸੰਗਰਾਂਦ ਵਾਲੇ ਦਿਨ ਮਨਵਾੜ ਗੁਰੂਦੁਆਰੇ ਦੀ ਉਸਾਰੀ ਲਈ ਧਨ ਲੈਣ ਵਾਸਤੇ ਆਏ ਹੋਏ ਸਨ। ਦੀਵਾਨ ਚਲ ਰਿਹਾ ਸੀ। ਕਰਤਾਰ ਸਿੰਘ ਅਤੇ ਮੰਗਲ ਸਿੰਘ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨਾ ਦੇ ਘਰ ਪੁਤਰ ਨਹੀਂ ਹੈ। ਬਾਬਾ ਜੀ ਨੇ ਕਿਹਾ ਕਿ ਬਾਜਾਂ ਵਾਲਾ ਬਖਸ਼ਿਸ਼ ਕਰੇਗਾ। ਇਕ ਦਾ ਨਾਮ ਗੁਰਦੇਵ ਸਿੰਘ ਰਖਣਾ। ਦੂਜੇ ਦਾ ਨਾਮ ਨਾਨਕ ਸਿੰਘ ਰਖਣਾ। ਕਰਤਾਰ ਸਿੰਘ ਦੇ ਘਰ ਪੁੱਤਰ ਨਾਨਕ ਸਿੰਘ ਹੋਇਆ ਅਤੇ ਮੰਗਲ ਸਿੰਘ ਦੇ ਪੁੱਤਰ ਗੁਰਦੇਵ ਸਿੰਘ ਹੋਇਆ। ਮੰਗਲ ਸਿੰਘ ਪਿੰਡ ਲੁਟੇਰਾ ਜ਼ਿਲਾ ਜਲੰਧਰ ਦਾ ਵਸਨੀਕ ਸੀ।

(24) ਗੁਰੂ ਘਰ ਦੇ ਸ਼ਰਧਾਲੂ ਕੁੰਦਨ ਸਿੰਘ ਪਿੰਡ ਬਡੋਂ ਅਤੇ ਨਗੀਨਾ

ਸਿੰਘ ਪਿੰਡ ਪਾਲਦੀ ਜ਼ਿਲਾ ਹੁਸ਼ਿਆਰਪੁਰ ਦੇ ਸਨ। ਇਨ੍ਹਾਂ ਸੇਵਕਾਂ ਨੇ ਸੰਨ 1923 ਵਿਚ 6000 ਰੁ. ਨਾਲ ਸੰਗਤਾਂ ਦੇ ਲੰਗਰ ਛਕਣ ਲਈ ਸ਼ੈੱਡ ਬਣਾਇਆ।

(25) ਨਗੀਨਾ ਘਾਟ ਸੀਮੈਂਟ ਰੋਡ ਦੀ ਸੇਵਾ ਸ: ਪਿਆਰਾ ਸਿੰਘ ਅਤੇ ਸਾਰੇ ਪਰਵਾਰ ਔਰੰਗਾਬਾਦ ਵਲੋਂ 1950 ਵਿੱਚ ਹੋਈ।

(26) ਗੁ: ਲੰਗਰ ਸਾਹਿਬ ਵਿਖੇ ਬਾਉਲੀ ਦੀ ਸੇਵਾ ਵਿਚ ਪਟਿਆਲੇ ਵਾਲੇ ਰਾਜੇ ਦੀਆਂ ਫੌਜਾਂ ਨੇ ਤਨ ਮਨ ਅਤੇ ਧੰਨ ਨਾਲ ਸੇਵਾ ਕੀਤੀ।

(27) ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਸੱਚਖੰਡ ਜਾਣ ਤੋਂ ਪਹਿਲਾਂ ਇਕ ਸਾਧੂ ਨੂੰ ਦਰਸ਼ਨ ਦਿੱਤੇ ਸਨ। ਇਕ ਸੇਵਕ ਨਿਰੰਜਣ ਸਿੰਘ ਦੇ ਮੁਰੱਬੇ ਜ਼ਮੀਨ ਅਰਦਾਸ ਕਰਾਈ। ਸੰਤ ਬਾਬਾ ਜੀ ਨੇ ਗੁਰਦੁਆਰੇ ਦੀ ਸੇਵਾ ਸ਼ੁਰੂ ਕੀਤੀ ਅਤੇ ਦੋ ਸਾਲਾਂ ਵਿਚ ਸੇਵਾ ਪੂਰੀ ਹੋ ਗਈ ਸੇਵਾ ਸਪੂੰਰਣ ਸਮੇਂ 52 ਪਿੰਡਾਂ ਦੀਆਂ ਸੰਗਤਾਂ ਦਰਸ਼ਨ ਕਰਨ ਆਈਆਂ। ਪੂਰੀਆਂ ਅਤੇ ਲਡੂਆਂ ਦੀਆਂ ਭਰੀਆਂ ਬੈਲ ਗਡੀਆਂ ਆਈਆਂ ਇਸ ਅਸਥਾਨ ਦਾ ਨਾਮ ਗੁਰਦੁਆਰਾ ਰਤਨ ਗੜ੍ਹ ਹੈ।

(28) ਸਿਰਫ ਅਤੇ ਸਿਰਫ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਮਾਣ ਪ੍ਰਾਪਤ ਹੈ ਕਿ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਦੋ ਵਾਰੀ ਦਰਸ਼ਨ ਦਿੱਤੇ। ਇਹ ਪਵਿੱਤ੍ਰ ਸ਼ਬਦ ਸੰਤ ਬਾਬਾ ਰਣਜੀਤ ਸਿੰਘ ਗੋਰਗੋਬਿੰਦਗੜ ਲੇਖਕ ਨੂੰ ਬਖਸ਼ਿਸ਼ ਕੀਤੇ। ਪਹਿਲੀ ਵਾਰੀ ਦਰਸ਼ਨ ਸੰਨ 1912 ਹਜ਼ੂਰ ਸਾਹਿਬ ਅਤੇ ਦੂਜੀ ਵਾਰ ਸੰਨ 1931 ਮਨਵਾੜ ਦਰਸ਼ਨ ਦਿੱਤੇ।

(29) ਭਾਈ ਸਾਹਿਬ ਕ੍ਰਿਪਾਲ ਸਿੰਘ ਜਥੇਦਾਰ ਤਖਤ ਸ੍ਰੀ ਅਕਾਲ ਤਖਤ ਜੀ ਪਿੰਡ ਨਡਾਲੋਂ ਵਿਖੇ ਜਨਮ-ਪੁਰਬ ਤੇ ਬਾਬਾ ਨਿਧਾਨ ਸਿੰਘ ਜੀ ਵਾਰੇ ਕਿਹਾ ਸੀ ਕਿ ਬਾਬਾ ਜੀ ਗੁਰੂ ਗੋਬਿੰਦ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਹਜ਼ੂਰ ਸਾਹਿਬ ਪੁਰਾਤਨ ਸਥਾਨ ਪ੍ਰਗਟ

ਕਰਕੇ 24 ਘੰਟੇ ਸਵਾਦਲਾ ਅੰਮ੍ਰਿਤਮਈ ਗੁਰੂ ਕਾ ਲੰਗਰ ਚਲਾਇਆ ਸੀ। ਇਹ ਮਹਾਨ ਸੇਵਾ ਸੀ।

(30) ਸੰਤ ਬਾਬਾ ਕਰਤਾਰ ਸਿੰਘ ਗੋਇੰਦਵਾਲ ਸਾਹਿਬ ਜੀ ਨੇ ਪਿੰਡ ਨਡਾਲੋਂ ਗੁਰੂਦੁਆਰਾ ਹਾਲ ਸੰਪੂਰਨ ਹੋਣ ਤੇ ਸੰਗਤਾਂ ਨੂੰ ਸੰਬੋਧਨ ਕਰਦੇ ਕਿਹਾ ਸੀ ਕਿ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਖਜ਼ਾਨਾ ਹੀ ਸੰਭਾਲ ਦਿੱਤਾ ਸੀ ਅਤੇ ਬਾਬਾ ਜੀ ਗੁਰੂ ਕਾ ਲੰਗਰ ਹਰ ਸਮੇਂ ਚਲਾਉਣ ਲਈ ਖੁੱਲੇ ਦਿਲ ਨਾਲ ਖਰਚਿਆ। ਆਪ ਜੀ ਨੇ ਸੰਗਤਾਂ ਦੇ ਅਰਾਮ ਕਰਨ ਲਈ ਅਨੇਕ ਕਮਰੇ ਭੀ ਬਣਾਏ। ਠੰਢੇ ਜਲ ਦਾ ਖੂਹ ਭੀ ਲਗਾਇਆ।

(31) ਭਾਈ ਸਾਹਿਬ ਤ੍ਰਲੋਚਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਬਾਬਾ ਜੀ ਦੇ ਜਨਮ-ਦਿਹਾੜੇ ਜੀ ਪਿੰਡ ਨਡਾਲੋਂ ਗੁ: ਸੰਤ ਬਾਬਾ ਦੀਵਾਨ ਸਿੰਘ—ਸੰਤ ਬਾਬਾ ਨਿਧਾਨ ਸਿੰਘ ਸਮੇਂ ਬਾਬਾ ਜੀ ਮਹਿਮਾ ਕੀਤੀ ਸੀ। ਆਪ ਜੀ ਆਖਿਆ ਸੀ ਕਿ ਪੰਜਾਬ ਤੋਂ ਇਤਨੀ ਦੂਰ ਜਦੋਂ ਹਜ਼ੂਰ ਸਾਹਿਬ ਸਿੱਖ-ਸੰਗਤ ਭੀ ਘੱਟ ਸੀ ਗੁਰੂ ਦਾ ਲੰਗਰ ਚਲਾਉਣ ਮਹਾਨ ਅਤੇ ਦਲੇਰੀ ਵਾਲਾ ਕਾਰਜ ਸੀ ਸਭ ਪਾਸਿਆ ਤੋਂ ਵਿਰੋਧਤਾ ਸੀ। ਪਰ ਫਿਰ ਭੀ ਆਪ ਨਿਰੰਤਰ ਲੰਗਰ ਜ਼ਾਰੀ ਰਖਿਆ।

(32) ਕੁਛ ਮੁਸਲਮਾਨ ਨਿਜ਼ਾਮ, ਹੈਦਰਾਬਾਦ ਕੋਲ ਸ਼ਕਾਇਤ ਕੀਤੀ ਕਿ ਸੰਤ ਬਾਬਾ ਜੀ ਮੁਸਲਮਾਨਾ ਦੀ ਅਲੋਚਨਾ ਅਤੇ ਵਿਰੋਧਤਾ ਕਰਦਾ ਹੈ। ਇਹ ਸ਼ਕਾਇਤ ਈਰਖਾ ਦੀ ਉਪਜ ਸੀ ਕਿਉਂਕਿ ਸੰਤ ਬਾਬਾ ਜੀ ਦਾ ਸਤਿਕਾਰ ਅਤੇ ਪਰਉਪਕਾਰ ਦੂਰ ਦੂਰ ਤੱਕ ਫੈਲ ਰਿਹਾ ਸੀ। ਨਿਜ਼ਾਮ ਨੇ ਸੱਚ ਅਤੇ ਅਸਲੀਅਤ ਜਾਨਣ ਲਈ ਨਾਇਬ ਨਾਜ਼ਿਮ ਨੂੰ ਰਿਪੋਰਟ ਦੇਣ ਲਈ ਹੁਕਮ ਕੀਤਾ, ਪਰ ਨਾਇਬ ਨਾਜ਼ਮ ਦੇਖਿਆ ਕਿ ਸੰਤ ਬਾਬਾ ਜੀ ਤਾਂ ਜਾਤ-ਪਾਤ, ਨਸਲ ਅਤੇ ਧਰਮ ਤੋਂ ਉੱਪਰ ਉੱਠ ਕਿ ਗੁਰੂ ਕਾ ਲੰਗਰ ਚਲਾ ਰਹੇ ਹਨ ਅਤੇ ਸਭ ਲੋਕ

ਆਪ ਜੀ ਦਾ ਸਤਿਕਾਰ ਕਰਦੇ ਹਨ ਅਤੇ ਪਿਆਰ ਨਾਲ ਫੌਜੀ ਬਾਬਾ ਕਹਿੰਦੇ ਹਨ। ਨਾਇਬ ਨਾਜ਼ਿਮ ਨੇ ਫਾਰਸੀ ਕਵਿਤਾ ਦੇ ਰੂਪ ਵਿਚ ਰਿਪਰਟ ਪੇਸ਼ ਕੀਤੀ —

ਪੰਜ ਆਬ ਸਿੱਖ ਦਰਵੇਸ਼ ਈਂ ਖੁਦਾ ਪ੍ਰਸਤ ਅਸਤ।

ਈਂ ਜਨਤ ਦਰ ਗਜਰ ਬਿਲਾ ਦਸਤ ਅਸਤ॥

ਈਂ ਦਰਵੇਸ ਨੇਹ ਮੋਮਨ ਨੁਕਤਾ ਚੀ।

ਬਖੇਰ ਵਾਹਦਤ ਖੁਸਬੂ ਗੁਲੇਜਾਰ

ਚਮਨ ਯਾ ਲੀਨ॥

(ਨਾਇਬ ਨਾਜ਼ਮ ਅਲੀ ਸ਼ਾਹ ਤਾਇਰ ਚਾਰ ਮਿਨਾਰ ਹੈਦਰਾਬਾਦ ਦੱਖਣ ਮਿਤੀ 6 ਮਈ 1937)

ਅਰਥਾਤ ਪੰਜਾਬ ਦਾ ਦਰਵੇਸ਼ ਰੱਬ ਦੀ ਭਗਤੀ ਕਰਨ ਵਾਲਾ ਹੈ। ਸਵਰਗ ਵਿਚ ਜਾਣ ਲਈ ਉਸਨੂੰ ਦਰਵਾਜਾ ਖੜਕਾਣਾ ਨਹੀ ਪੈਂਦਾ। ਇਹ ਸੰਤ ਬਾਬਾ ਮੁਸਲਮਾਨਾ ਦੀ ਨੁਕਤਾਚੀਨੀ ਨਹੀਂ ਕਰਦਾ। ਰੱਬ ਦੀ ਬੰਦਗੀ-ਭਗਤੀ ਦੀ ਮਹਿਕ ਇਸ ਤਰ੍ਹਾ ਦੁਨੀਆਂ ਵਿੱਚ ਛਡਦਾ ਹੈ, ਜਿਵੇਂ ਬਾਗ ਦਾ ਫੁੱਲ ਸੰਸਾਰ ਵਿਚ ਆਪਣੀ ਖੁਸ਼ਬੂ ਖਿਲਾਰਦਾ ਹੈ।

## ਸੰਤ ਨਿਧਾਨ ਸਿੰਘ ਜੀ ਦੇ ਜੀਵਨ ਤੋਂ ਸਿਖਿਆ

(1) ਗੁਰੂ ਸਿੱਖ ਦੇ ਜੀਵਨ ਦਾ ਉਦੇਸ਼ ਸਿਮਰਨ ਅਤੇ ਸੇਵਾ ਹੋਵੇ। ਸਿਮਰਨ ਨਾਲ ਮਨ ਪਵਿਤਰ ਹੁੰਦਾ ਹੈ ਅਤੇ ਸੇਵਾ ਨਾਲ ਸਰੀਰ ਪਵਿਤਰ ਹੁੰਦਾ ਹੈ। ਮਨ ਦੀ ਪਵਿਤਰਤਾ ਲਈ ਨਾਮ ਸਿਮਰਨ ਅਤੀ ਜ਼ਰੂਰੀ ਹੈ —

ਪਵਿਤਰ ਪਵਿਤਰ ਪਵਿਤਰ ਪੁਨੀਤ ॥

ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥

ਸਰੀਰ ਦੀ ਪਵਿਤਰਤਾ ਸੇਵਾ ਹੁੰਦੀ ਹੈ ਅਤੇ ਸਿੱਖ ਨੂੰ ਦਰਗਾਹ ਵਿੱਚ ਜਗਾਹ ਮਿਲਦੀ ਹੈ —

ਵਿਚਿ ਦੁਨੀਆਂ ਸੇਵ ਕਮਾਇਐ ॥

ਤਾਂ ਦਰਗਹ ਬੈਸਣ ਪਾਈਐ ॥

(2) ਰੱਬ ਸਿਰਫ ਪੜ੍ਹਿਆਂ ਲਿਖਿਆਂ ਜਾਂ ਵਿਦਵਾਨਾਂ ਦੀ ਜਾਇਦਾਦ ਨਹੀਂ। ਵਾਹਿਗੁਰੂ ਪ੍ਰਾਪਤੀ ਵਾਸਤੇ ਅਥਾਹ ਸ਼ਰਧਾ, ਭਰੋਸਾ, ਸੁੱਚਾ ਅਤੇ ਸੱਚਾ ਜੀਵਨ ਭੋਲਾਪਨ, ਨਿਮਰਤਾ, ਸਾਦਗੀ, ਸੇਵਾ ਅਤੇ ਸਿਮਰਨ ਦੀ ਲੋੜ ਹੈ— ਗੁਰਬਾਣੀ ਸੁੰਦਰ ਵਿਚਾਰ ਕਰਦੀ ਹੈ— ਜੋ ਪ੍ਰਾਣੀ ਗੋਬਿੰਦ ਦਿਆਵੈ ॥

ਪੜ੍ਹਿਆ ਅਨਪੜ੍ਹਿਆ ਪਰਮਗਤਿ ਪਾਵੈ ॥

ਦਸਵੀਂ ਪਾਤਸ਼ਾਹੀ ਦਾ ਹੁਕਮ ਹੈ —

ਸਾਚੁ ਕਹੇ ਸੁਨ ਲੇਹ ਸਭੈ, ਜਿਨ ਪ੍ਰੇਮ

ਕੀਓ ਤਿਨ ਹੀ ਪ੍ਰਭੁ ਪਾਇਓ।

(3) ਸੰਗਤ ਅਤੇ ਪੰਗਤ, ਦੇਗ ਅਤੇ ਤੇਗ ਭਗਤੀ ਅਤੇ ਸ਼ਕਤੀ ਗੁਰਸਿੱਖੀ ਦੇ ਅਨਿਖੜਵੇਂ ਅੰਗ ਹਨ। ਗੁਰਦੁਆਰਾ ਅਤੇ ਲੰਗਰ ਦੇ ਸੁਮੇਲ ਨਾਲ ਬਣਾਇਆ ਗੁਰਦੁਆਰਾ ਲੰਗਰ ਸਾਹਿਬ ਇਸ ਸਿਧਾਂਤ ਦਾ ਸੂਚਕ ਹੈ।

# ਲੰਗਰ ਦੀ ਮਹਾਨਤਾ

ਲੰਗਰ ਸਿੱਖ ਧਰਮ ਦਾ ਮੁੱਖ ਅੰਗ ਹੈ। ਪੰਗਤ ਅਤੇ ਸੰਗਤ ਸੂਰਜ ਚੰਦ ਦੀ ਤਰ੍ਹਾਂ ਸਿੱਖ ਇਤਿਹਾਸ ਵਿਚ ਚਮਕਦੇ ਹਨ। ਮਨੁੱਖਤਾ ਦੀ ਭੁੱਖ ਦੂਰ ਕਰਨ ਲਈ ਸੰਸਾਰ ਨੂੰ 'ਰੋਟੀ ਦੀ ਸਾਂਝ ਦਾ ਰਸਤਾ ਸਿੱਖ ਧਰਮ ਦਿਖਾਇਆ ਸਾਂਝੀ ਕਿਰਤ ਵਿਚ ਸਾਂਝੀ ਰਸੋਈ ਅਤੇ ਸਾਂਝੀ ਰੋਟੀ ਦਾ ਸਿਧਾਂਤ ਸੰਸਾਰ ਵਿਚ 'ਰੂਹਾਨੀ ਸਮਾਜਵਾਦ' ਲਿਆ ਸਕਦਾ ਹੈ। ਪ੍ਰੋਫੈਸਰ ਪੂਰਨ ਸਿੰਘ ਪ੍ਰਸਿੱਧ ਲਿਖਤ 'ਸਤਿਗੁਰਾਂ ਦਾ ਇਲਾਹੀ ਲੰਗਰ' ਵਿਚ ਲਿਖਦੇ ਹਨ–

"ਕਲਗੀਆਂ ਵਾਲੇ ਪ੍ਰੀਤਮ ਜੀ ਨੇ ਜਦ ਆਪਣਾ ਰੂਪ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਘਰ ਘਰ ਵਸਾਇਆ ਤਦ ਆਪਣਾ ਲੰਗਰ ਭੀ ਹਰ ਸਿੰਘ ਦੇ ਘਰ ਵਿਚ ਚਲਾਇਆ"। ਗੁਰੂ ਕਾ ਲੰਗਰ ਸਿੱਖ ਧਰਮ ਦਾ ਪਹਿਲਾ ਨਿਯਮ ਸੀ ਜਿਸ ਵਿਚ ਮਿਹਨਤ ਅਤੇ ਰੱਬੀ ਪਿਆਰ ਦਾ ਸੰਗਮ ਸੀ। ਗੁਰੂ ਨਾਨਕ ਰੋਟੀ ਦੇ ਮੰਦਰ ਵਿੱਚ ਰੱਬ ਦੇ ਬੰਦਿਆਂ ਲਈ ਮੁਫਤ ਰੋਟੀ ਦਾ ਲੰਗਰ ਚਲਾ ਦਿੱਤਾ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ ਗੁਰੂ ਦੇ ਲੰਗਰ ਵਿੱਚ ਬੰਦਿਆਂ ਦੀ ਸੇਵਾ ਰੱਬ ਦੀ ਸੇਵਾ ਤੁੱਲ ਪਰਵਾਨ ਕੀਤੀ ਜਾਣ ਲੱਗੀ। ਲੰਗਰ ਸਿੱਖੀ ਦੀ ਸਾਂਝੀ ਜਾਇਦਾਦ ਸਮਝੀ ਜਾਣ ਲੱਗੀ। ਕੋਈ ਭੀ ਸਿੰਘ ਇਹ ਨਹੀਂ ਸੀ ਕਹਿੰਦਾ ਕਿ ਇਹ 'ਮੇਰਾ ਲੰਗਰ' ਹੈ ਸਗੋਂ ਕਹਿੰਦਾ ਸੀ "ਗੁਰੂ ਕਾ ਲੰਗਰ"। ਗਰੀਬ ਦਾ ਮੁੱਖ ਵਾਹਿਗੁਰੂ ਦਾ ਮੁੱਖ ਦਾ ਇਕ ਨਿਸ਼ਾਨਾ ਬਣ ਗਿਆ। ਗੁਰੂ ਲੰਗਰ ਜਾਤ-ਪਾਤ, ਊਚ-ਨੀਚ ਅਤੇ ਅਮੀਰੀ ਗਰੀਬੀ ਦੀਆਂ ਜੰਜੀਰਾਂ ਤੋੜ ਦਿੱਤੀਆਂ। ਲੰਗਰ ਛਕਦੇ ਸਮੇਂ ਸਭ ਰੱਬ ਦਾ ਇਕ ਟੱਬਰ ਮਲੂਮ ਹੋਣ ਲੱਗੇ। ਪਾਣੀ, ਹਵਾ ਅਤੇ ਅੰਨ ਰੱਬੀ ਦਾਤਾਂ ਹਨ। ਇਕ ਰੱਬੀ ਨੂਰ ਤੋਂ ਪੈਦਾ ਹੋਏ ਬੰਦੇ ਲੰਗਰ ਛਕਦੇ ਰੱਬੀ

ਨੂਰ ਨਾਲ ਚਮਕਦੇ ਇਲਾਹੀ ਪ੍ਰੇਮ ਵਿਚ ਝੂਮ ਉੱਠਦੇ। ਧਰਤੀ ਉੱਤੇ ਦੇਵਤਿਆਂ ਦਾ ਨਿਵਾਸ ਗੁਰੂ ਕੇ ਲੰਗਰ ਵਿਚ ਝਲਕਾਂ ਮਾਰ ਉਠਦਾ। ਲੰਗਰ ਬਣਾਉਂਦੇ ਲੰਗਰ ਵਰਤਾਂਦੇ ਅਤੇ ਲੰਗਰ ਛਕਦੇ ਵਾਹਿਗੁਰੂ ਦਾ ਜਾਪ ਹੁੰਦਾ ਅਕਾਲ ਪੁਰਖ ਦਾ ਅਮੋਲਕ ਦਾਤਾਂ ਕਾਰਣ ਸ਼ੁਕਰਾਨਾ ਹੁੰਦਾ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ ਸਤਿਗੁਰਾਂ ਦੇ ਲੰਗਰ ਦਾ ਇਕ ਇਕ ਭੋਰਾ ਪ੍ਰੀਤ ਨੂਰ ਦੇ ਤੂਫਾਨ ਵਿੱਚ ਗੁੰਦਿਆ ਹੁੰਦਾ ਹੈ। ਸਤਿਗੁਰਾ ਦੇ ਲੰਗਰ ਦੀ ਸੇਵਾ ਉਹ ਪੂਜਾ ਹੈ ਜਿਸ ਵਿੱਚ ਰੱਬ ਆ ਕੇ ਭਗਤ ਨਾਲ ਗੱਲਾ ਕਰਦਾ ਹੈ ... ਰੱਬ ਭਗਤ ਨੂੰ ਛਕਾਉਂਦਾ ਹੈ ਅਤੇ ਭਗਤ ਰਬ ਨੂੰ ਭੋਗ ਲਆਉਂਦਾ ਹੈ। ਰੱਬੀ ਪਿਆਰ ਮਨੁਖੀ ਹਮਦਰਦੀ ਵਿਚ ਪ੍ਰਗਟ ਹੁੰਦਾ ਹੈ ਅਤੇ ਲੰਗਰ ਦਾ ਰੂਪ ਧਾਰਦਾ ਹੈ। ਮਿਲਵਰਤਣ, ਮਨੁੱਖੀ-ਪਿਆਰ, ਭਰਾਤਰੀ ਹਮਦਰਦੀ, ਪ੍ਰਾਹੁਣਚਾਰੀ, ਨੇਕ ਕਮਾਈ ਅਤੇ ਵੰਡ ਛਕਣ ਦੇ ਗੁਣ ਲੰਗਰ ਰੱਬ ਦੇ ਬੰਦਿਆਂ ਵਿਚੋਂ ਸਹਿਜ ਸੁਭਾ ਪੈਦਾ ਹੋ ਜਾਂਦੇ ਹਨ। ਮਨੁੱਖੀ ਸੇਵਾ ਰਾਹੀਂ ਰੱਬੀ ਪਿਆਰ ਪ੍ਰਾਪਤ ਕਰਨ ਦਾ ਸਿਧਾਂਤ ਲੰਗਰ ਵਿਚੋਂ ਪ੍ਰਕਾਸ਼ਮਾਨ ਹੁੰਦਾ ਹੈ। ਸਮਾਨਤਾ ਜੋ ਲੋਕ ਰਾਜ ਦਾ ਮੁੱਖ ਨਿਯਮ ਹੈ ਲੰਗਰ ਨਾਲ ਸਥਾਪਤ ਕੀਤੇ 'ਧਾਰਮਕ ਸਮਾਜ' ਵਿਚੋਂ ਪੈਦਾ ਹੁੰਦਾ ਹੈ।

ਨੂਰਾਨੀ ਲੰਗਰ ਦਾ ਅਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ। 'ਸੱਚਾ ਸੌਦਾ' ਅਰਥਾਤ ਭੁਖੇ ਰੱਬ ਦੇ ਬੰਦਿਆ ਨੂੰ ਰੋਟੀ ਖੁਆਉਣਾ ਲੰਗਰ ਵੱਲ ਪਹਿਲਾ ਕਦਮ ਸੀ। ਗੁਰੂ ਜੀ ਜਿਥੇ ਭੀ ਧਰਮਸਾਲਾ ਬਣਾਉਣ ਦਾ ਹੁਕਮ ਕਰਦੇ, ਉਥੇ ਲੰਗਰ ਚਲਾਉਣ ਦਾ ਹੁਕਮ ਭੀ ਕਰਦੇ। ਸੱਜਣ ਠੱਗ ਜਦੋਂ ਸੱਜਣ ਦੇਵਤਾ ਬਣ ਗਿਆ ਤਾਂ ਗੁਰੂ ਜੀ ਨੇ ਸੱਜਣ ਵਲੋਂ ਇਕੱਠੇ ਕੀਤੇ ਧਨ ਨੂੰ ਲੰਗਰ ਵਾਸਤੇ ਖਰਚਣ ਦਾ ਹੁਕਮ ਕੀਤਾ। ਗੁਰੂ ਜੀ ਲੰਗਰ ਨੂੰ ਸਾਂ.ੀ ਮਲਕੀਅਤ ਬਣਾਉਣਾ ਚਾਹੁੰਦੇ ਸਨ। ਆਪ ਜੀ ਨੇ ਲੰਗਰ ਨੂੰ ਰਾਜਿਆਂ ਮਹਾਰਾਜਿਆਂ ਜਾ

ਨਵਾਬਾਂ ਦੀ ਮਲਕੀਅਤ ਨਹੀਂ ਬਣਨ ਦਿੱਤਾ। ਬਾਬਰ ਬਾਦਸ਼ਾਹ ਨੇ ਗੁਰੂ ਜੀ ਦੀ ਸ਼ੋਭਾ ਅਤੇ ਮਹਾਨਤਾ ਜਾਣ ਕੇ ਲੰਗਰ ਦੇ ਖਰਚ ਵਾਸਤੇ ਜਗੀਰ ਦੇਣੀ ਚਾਹੀ ਪਰ ਗੁਰੂ ਜੀ ਜਗੀਰ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਦਾ ਉਪਦੇਸ਼ ਸੀ ਕੇ ਇਮਾਨਦਾਰੀ ਨਾਲ ਕਮਾਏ ਧਨ ਵਿਚੋਂ ਗੁਰੂ ਕੇ ਲੰਗਰ ਵਾਸਤੇ ਭੇਂਟ ਕੀਤਾ ਜਾਵੇ —

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹ ਪਛਾਣਹਿ ਸੇਇ॥

(ਸਲੋਕ—ਗੁਰੂ ਨਾਨਕ ਦੇਵ ਜੀ)

ਗੁਰੂ ਲੰਗਰ ਵਾਸਤੇ ਖਰਚੀ ਮਾਇਆ ਸਫਲ ਹੋ ਜਾਂਦੀ ਹੈ। ਹਰ ਇਕ ਦਿਨ ਪ੍ਰਫੁੱਲਤ ਹੋਈ ਜਾਂਦੀ ਹੈ। ਮਨੁੱਖੀ ਭਲਾਈ ਲਈ ਖਰਚਿਆ ਧਨ ਵਾਹਿਗੁਰੂ ਖਿੜੇ ਮੱਥੇ ਪਰਵਾਨ ਕਰਦਾ ਹੈ। ਲੰਗਰ ਲਈ ਭੇਂਟ ਕੀਤੇ ਧਨ ਵਿਚ ਤੋਟ ਨਹੀਂ ਆਉਂਦੀ —

ਖਾਵਹਿ ਖਰਚਹਿ ਰਲ ਮਿਲ ਭਾਈ॥
ਤੋਟਿ ਨ ਆਵੈ ਵਧਦੋ ਜਾਈ॥

(ਗਉੜੀ ਗੁਆਰੈਰੀ—ਗੁਰੂ ਅਰਜਨ ਦੇਵ ਜੀ)

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਭੀ ਨੇਕ ਕਮਾਈ ਕਰਨ ਅਤੇ ਗੁਰੂ ਦੇ ਲੰਗਰ ਵਾਸਤੇ ਧਨ ਦੀ ਸੇਵਾ ਕਰਨ ਦੀ ਪ੍ਰੇਰਣਾ ਕਰਦੇ ਹਨ —

ਕਿਰਤ ਵਿਰਤ ਕਰ ਧਰਮ ਦੀ।
ਹਥਹੁ ਦੇ ਕੇ ਭਲਾ ਮਨਾਵੈ॥

(ਵਾਰ ਛੇਵੀਂ— ਪਉੜੀ ਬਾਰਵੀਂ)

ਪ੍ਰੋਫੈਸਰ ਪੂਰਨ ਸਿੰਘ ਬਹੁਤ ਹੀ ਸੁੰਦਰ ਵਿਚਾਰ ਦਸਦੇ ਹਨ —

ਸਿੱਘ ਦਾ ਲੰਗਰ ਸਤਿਗੁਰਾਂ ਦਾ ਲੰਗਰ ਹੈ। ਹਾਂ ਜੀ, ਜਿਥੇ ਸਿੱਘ ਦਾ ਲੰਗਰ ਨਹੀਂ ਸਤਿਗੁਰਾਂ ਦਾ ਲੰਗਰ ਨਹੀਂ।

ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰੋਂ ਆਉਣ ਲੱਗੀਆਂ। ਸਭ ਨੂੰ ਛਕਣ ਵਾਸਤੇ ਭੋਜਨ ਦਿੱਤਾ ਜਾਂਦਾ। ਕਰਤਾਰਪੁਰ ਦਾ ਪਵਿਤ੍ਰ ਸਥਾਨ ਲੰਗਰ ਦਾ ਕੇਂਦਰ ਬਣ ਗਿਆ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ—

ਪੁਰ ਕਰਤਾਰ ਧਿਰ ਜਗਤੇ ਸੂ ॥
ਧਰਮ ਸਾਲ ਆ ਰਹੇ ਬਸੈਂਸੂ ॥
ਸਾਧ ਸੰਗਤ ਤਹ ਸਦਾ ਰਹਾਈ ॥
ਲੰਗਰ ਚਲੈ ਮਿਲਤ ਸਭ ਤਾਈ ॥

ਤਵਾਰੀਖ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਲਿਖਦੇ ਹਨ —

ਬਾਬਾ ਜੀ ਖੇਤੀ ਕਰਾਵੈ ਲੰਗਰ ਚਲਾਵੈ ॥

ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਬਹੁਤ ਪ੍ਰਫੁੱਲਤ ਹੋਇਆ। ਮਾਤਾ ਖੀਵੀ ਜੀ ਨੇ ਗੁਰੂ ਅੰਗਦ ਦੇਵ ਜੀ ਤੋਂ ਸੰਗਤ ਦੀ ਸੇਵਾ ਮੰਗੀ ਤਾਂ ਗੁਰੂ ਜੀ ਨੇ ਲੰਗਰ ਦੀ ਸੇਵਾ ਬਖਸ਼ੀ। ਮਾਤਾ ਖੀਵੀ ਜੀ ਲੰਗਰ ਵਾਸਤੇ ਅਣਥਕ ਸੇਵਾ ਕਰਨ ਲੱਗੇ। ਮਾਤਾ ਜੀ ਲੰਗਰ ਵਿਚ ਖੀਰ ਭੀ ਤਿਆਰ ਕਰਵਾਂਦੇ ਅਤੇ ਸੰਗਤਾਂ ਸਵਾਦਲਾ ਲੰਗਰ ਛਕਦੀਆਂ। ਦੇਸੀ ਘਿਉ ਦੀ ਖੁੱਲੀ ਵਰਤੋਂ ਹੁੰਦੀ ਸੀ। ਗੁਰੂ ਅੰਗਦ ਦੇਵ ਜੀ ਸ਼ਬਦ ਦਾ ਲੰਗਰ ਚਲਾ ਰਹੇ ਸਨ ਅਤੇ ਮਾਤਾ ਖੀਵੀ ਜੀ ਘਿਉ, ਖੰਡ, ਖੀਰ ਅਤੇ ਸਵਾਦਲੇ ਭੋਜਨ ਲੰਗਰ ਵਾਸਤੇ ਤਿਆਰ ਕਰਾਉਂਦੇ ਸਨ। ਰਾਮ ਕਲੀ ਦੀ ਵਾਰ ਵਿੱਚ ਸੱਤਾ ਅਤੇ ਬਲਵੰਡ ਇਸ ਤਰ੍ਹਾਂ ਸਿਫਤ ਕਰਦੇ ਹਨ —

ਬਲਵੰਡ ਖੀਵੀ ਨੇਕ ਜਨ।
ਜਿਸੁ ਧਰਤੀ ਛਾਉ ਪਤ੍ਰਾਲੀ॥
ਲੰਗਰ ਦਉਲਤ ਵੰਡੀਐ।
ਰਸ ਅੰਮ੍ਰਿਤ ਖੀਰ ਘਿਆਲੀ॥

ਬਾਬਾ ਬੁੱਢਾ ਜੀ, ਭਾਈ ਕਿਦਾਰਾ ਅਤੇ ਭਾਈ ਜੋਧਾ ਜੀ ਨਿਸ਼ਕਾਮ ਅਤੇ ਅਣਥਕ ਸੇਵਾ ਲੰਗਰ ਬਣਾਉਣ ਅਤੇ ਛਕਾਉਣ ਲਈ ਕਰਦੇ। ਭਾਈ ਗੁਰਦਾਸ ਜੀ ਭਾਈ ਜੋਧਾ ਵਾਰੇ ਲਿਖਦੇ ਹਨ

ਜੋਧੂ ਰਸੋਈਆ ਦੇਵਤਾ
ਗੁਰ ਸੇਵਾ ਕਰ ਦੁਤਰ ਤਾਰੀ॥

(ਵਾਰ ਗਿਆਰਵੀਂ – ਪਉੜੀ ਪੰਦਰਵੀਂ)–

ਗੁਰੂ ਅੰਗਦ ਦੇਵ ਜੀ ਸਮੇਂ ਸਤ ਸੰਗ ਦਾ ਪਰਚਾ, ਲੰਗਰ ਦਾ ਖਰਚਾ ਅਤੇ ਹਰੀ ਦਾ ਚਰਚਾ ਹਰ ਸਮੇਂ ਲਗਾਤਾਰ ਚਲਦਾ ਰਹਿੰਦਾ ਸੀ। ਪ੍ਰਸਿੱਧ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਅਨੁਸਾਰ ਲੰਗਰ ਗੁਰੂ ਅੰਗਦ ਦੇਵ ਜੀ ਸਮੇਂ ਸਿੱਖ ਧਰਮ ਦੇ ਪ੍ਰਚਾਰ ਦਾ ਇਕ ਬਹੁਤ ਵੱਡਾ ਸਾਧਨ ਸਾਬਤ ਹੋਇਆ।

ਗੁਰੂ ਅਮਰ ਦਾਸ ਜੀ ਸਮੇਂ ਸੰਗਤ ਅਤੇ ਪੰਗਤ ਦਾ ਸੁਨਹਿਰੀ ਸਿਧਾਂਤ ਸਪੂਰਨ ਅਰਥਾਂ ਵਿਚ ਲਾਗੂ ਹੋ ਗਿਆ।

ਗੁਰੂ ਅਮਰ ਦਾਸ ਜੀ ਹੁਕਮ ਕੀਤਾ ਕਿ ਕੋਈ ਭੀ ਵਿਅਕਤੀ ਲੰਗਰ ਵਿਚ ਪ੍ਰਸ਼ਾਦਾ ਛਕੇ ਬਿਨਾ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕਦਾ। ਆਪ ਦਾ ਹੁਕਮ ਸੀ –

ਪਹਿਲੇ ਪੰਗਤ ਪਾਛੈ ਸੰਗਤ॥

ਅਕਬਰ ਬਾਦਸ਼ਾਹ ਅਤੇ ਹਰੀ ਪੁਰ ਦਾ ਰਾਜਾ ਜਦੋਂ ਗੁਰੂ ਅਮਰ

ਦਾਸ ਜੀ ਦੇ ਦਰਸ਼ਨਾਂ ਨੂੰ ਗੋਇੰਦਵਾਲ ਸਾਹਿਬ ਆਏ ਤਾਂ ਪਹਿਲਾਂ ਲੰਗਰ ਪੰਗਤ ਵਿਚ ਬੈਠ ਕੇ ਛਕਿਆ ਅਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਅਕਬਰ ਬਾਦਸ਼ਾਹ ਲੰਗਰ ਦੀ ਮਹਿਮਾ ਦੇਖ ਕੇ ਬਹੁਤ ਖੁਸ਼ ਹੋਇਆ ਅਤੇ ਲੰਗਰ ਵਾਸਤੇ ਜ਼ਮੀਨ ਦੇਣੀ ਚਾਹੀ ਪਰ ਗੁਰੂ ਜੀ ਨੇ ਪਰਵਾਨ ਨਹੀਂ ਕੀਤੀ ਕਿਉਂਕਿ ਆਪ ਲੰਗਰ ਨੂੰ ਕਿਸੇ ਦੀ ਨਿੱਜੀ ਰਸੋਈ ਦੀ ਥਾਂ ਗੁਰੂ ਦਾ ਲੰਗਰ ਦਾ ਦਰਜਾ ਦੇਣਾ ਚਾਹੁੰਦੇ ਸਨ। ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਬਾਦਸ਼ਾਹ ਅਕਬਰ ਦੇ ਲੰਗਰ ਛਕਣ ਨਾਲ ਸਿੱਖ ਧਰਮ ਉੱਚੀਆਂ ਜਾਤਾਂ ਵਿਚ ਹਰਮਨ ਪਿਆਰਾ ਹੋ ਗਿਆ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ ਲੰਗਰ ਦੀ ਸ਼ੋਭਾ ਦੇਖ ਕੇ ਹਜ਼ਾਰਾਂ ਲੋਕਾਂ ਸਿੱਖੀ ਗ੍ਰਹਿਣ ਕਰ ਲਈ।।

ਲੰਗਰ ਵਿੱਚ ਛੂਤ-ਛਾਤ ਦਾ ਖਿਆਲ ਰੱਖਣਾ ਗੁਰੂ ਜੀ ਦੀ ਸਿੱਖਿਆ ਦੇ ਵਿਰੁਧ ਹੈ। ਇਕ ਵਾਰੀ ਬਨਾਰਸ ਦੇ ਪੰਡਤ ਮਾਈਦਾਸ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਹੁਕਮ ਕੀਤਾ —

ਚਉਕੇ ਭਿਟੇ ਨ ਕੋਇ॥
ਝੂਠੇ ਚਉਕੇ ਨਾਨਕਾ
ਸਦਾ ਇਕੋ ਸੋਇ॥

(ਰਾਗੁ ਮਾਰੂ—ਗੁਰੂ ਅਮਰ ਦਾਸ)

ਗੋਇੰਦਵਾਲ ਸਾਹਿਬ ਵਿਖੇ ਬਉਲੀ ਸਪੂਰਨ ਹੋਣ ਦੇ ਮੌਕੇ ਸਭ ਸੰਗਤਾਂ ਨੂੰ ਗੋਇੰਦਵਾਲ ਸਾਹਿਬ ਆਉਣ ਦਾ ਸੱਦਾ ਦਿੱਤਾ ਗਿਆ। ਇਕ ਤਪਾ ਗੁਰੂ ਘਰ ਦਾ ਵਿਰੋਧੀ ਸੀ। ਉਹ ਹੰਕਾਰੀ ਸੀ ਅਤੇ ਜਾਤ-ਪਾਤ ਵਿਚ ਵਿਸ਼ਵਾਸ ਰਖਦਾ ਸੀ। ਤਪਾ ਲੰਗਰ ਛਕਣ ਨਾ ਆਇਆ। ਜਦ ਤਪੇ ਨੂੰ ਪਤਾ ਲੱਗਾ ਕਿ ਹਰ ਇਕ ਲੰਗਰ

ਛਕਣ ਵਾਲੇ ਨੂੰ ਚਾਂਦੀ ਦੀ ਮੋਹਰ ਭੀ ਮਿਲਦੀ ਹੈ ਤਾਂ ਆਪਣੇ ਪੁੱਤਰ ਨੂੰ ਭੇਜ ਦਿੱਤਾ। ਪਰ ਤਪੇ ਦਾ ਪੁੱਤਰ ਡਿਉਡੀ ਵਿਚੋਂ ਨ ਲੰਘ ਸਕਿਆ। ਕੰਧ ਟੱਪਣ ਦੀ ਕੋਸ਼ਸ਼ ਕੀਤੀ ਪਰ ਡਿੱਗ ਪਿਆ ਅਤੇ ਲੱਤ ਟੁੱਟ ਗਈ। ਇਸ ਘਟਨਾ ਦਾ ਵੇਰਵਾ ਗੁਰੂ ਜੀ ਬਾਣੀ ਵਿਚ ਇਸ ਤਰ੍ਹਾਂ ਕਰਦੇ ਹਨ—

ਜਿਥੈ ਥੋੜਾ ਧਨੁ ਵਿਖੈ
ਤਿਥੈ ਤਪਾ ਭਿਟੈ ਨਾਹੀ।
ਧਨਿ ਬਹੁਤੈ ਡਿਠੈ
ਤਪੈ ਧਰਮੁ ਹਾਰਿਆ॥

(ਗਉੜੀ ਦੀ ਵਾਰ, ਸਲੋਕ—ਗੁਰੂ ਅਮਰ ਦਾਸ ਜੀ)

ਲਗਰ ਬਣਾਉਣ, ਵਰਤਾਉਣ ਅਤੇ ਛਕਣ ਵੇਲੇ ਜਾਤ-ਪਾਤ ਦਾ ਵਿਤਕਰਾ ਨਹੀਂ ਸੀ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ —

ਸਭ ਸੰਗਤ ਕਉ ਸੰਗ ਲੈ
ਚਉਕੇ ਮਹਿ ਆਵਹਿ॥
ਆਸ਼ਰਮ ਬਰਨ ਬਿਚਾਰ ਨਹਿ
ਇਕ ਪੰਗਤ ਬੈਸਹਿ॥

ਗੁਰੂ ਰਾਮ ਦਾਸ ਜੀ ਭੀ ਲੰਗਰ ਨਿਰੰਤਰ ਜਾਰੀ ਰੱਖਿਆ। ਆਪ ਜੀ ਗੁਰੂ ਅਮਰ ਦਾਸ ਜੀ ਸਮੇਂ ਗੋਇੰਦਵਾਲ ਵਿਖੇ ਲੰਗਰ ਬਣਾਉਣ ਵਿਚ ਕਈ ਪ੍ਰਕਾਰ ਦਾ ਹਿੱਸਾ ਪਾਉਂਦੇ ਰਹੇ ਸਨ। ਲੰਗਰ ਵਾਸਤੇ ਬਾਲਣ ਅਤੇ ਜਲ ਦੀ ਸੇਵਾ ਆਪ ਬਹੁਤ ਕੀਤੀ। ਅੰਮ੍ਰਿਤਸਰ ਸਰੋਵਰ ਦੀ ਉਸਾਰੀ ਸਮੇਂ ਬਾਬਾ ਬੁੱਢਾ ਜੀ ਬੇਰੀ ਹੇਠਾਂ ਸੰਗਤਾਂ ਨੂੰ ਲੰਗਰ ਛਕਾਉਂਦੇ। ਬੀਬੀ ਭਾਨੀ ਗੁਰੂ ਕੇ ਮਹਿਲ ਵਿਖੇ ਲੰਗਰ ਤਿਆਰ

ਕਰਾਉਂਦੇ। ਗੁਰੂ ਰਾਮ ਦਾਸ ਜੀ ਦਾ ਵਚਨ ਸੀ ਕਿ ਜੋ ਪ੍ਰਭੂ ਦੀ ਯਾਦ ਵਿਚ ਰਹਿ ਕੇ ਲੰਗਰ ਛਕਦੇ ਹਨ ਉਨ੍ਹਾਂ ਦਾ ਖਾਣਾ ਸਫਲ ਹੋ ਜਾਂਦਾ ਹੈ। ਪਰ ਜੋ ਰੱਬ ਨੂੰ ਭੁੱਲ ਜਾਂਦੇ ਹਨ ਉਹ ਦਰ ਦਰ ਹੱਥ ਪਸਾਰੇ ਮੰਗਦੇ ਫਿਰਦੇ ਹਨ —

ਇਕ ਨਾ ਸਚੁ ਬੁਝਾਇ
ਤਿਨ੍ਹਾ ਅਤੁਟ ਭੰਡਾਰ ਦੁਵਾਇਆ ॥
ਹਰਿ ਚੇਤਿ ਖਾਹਿ ਤਿਨਾ ਸਫਲੁ ਹੈ
ਅਚੇਤਾ ਹਥ ਤਡਾਇਆ ॥

(ਸ੍ਰੀ ਰਾਗੁ ਕੀ ਵਾਰ-- ਗੁਰੂ ਰਾਮ ਦਾਸ ਜੀ)

ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਗਤਾਂ ਹੁਮ ਹੁਮਾ ਕੇ ਅੰਮ੍ਰਿਤਸਰ ਆਉਣ ਲਗੀਆਂ। ਲੰਗਰ ਵਿਚ ਸਵਾਦਲੇ ਭੋਜਨ ਛਕਾਏ ਜਾਂਦੇ ਅਤੇ ਰਾਜੇ, ਰੰਕ, ਅਮੀਰ, ਗਰੀਬ, ਨਿਆਸਰੇ ਅਤੇ ਮੁਸਾਫਰ ਬਿਨਾ ਕਿਸੇ ਵਿਤਕਰੇ ਦੇ ਲੰਗਰ ਛਕਦੇ। ਭਾਈ ਮੰਝ ਗੁਰੂ ਜੀ ਦਾ ਨਿਸ਼ਕਾਮ ਸੇਵਕ ਸੀ। ਆਪ ਪਿੰਡ ਕੰਗ ਮਾਈ ਜਿਲ੍ਹਾ ਹੁਸ਼ਿਆਰਪੁਰ ਦੇ ਨਿਵਾਸੀ ਸਨ। ਚੰਦਰ ਵੰਸੀ ਰਾਜਪੂਤ ਰਾਜੇ ਸਲਵਾਨ ਦੇ ਵੰਸ ਵਿਚੋਂ ਸਨ। ਭਾਈ ਮੰਝ ਜੰਗਲ ਤੋਂ ਲੰਗਰ ਵਾਸਤੇ ਲਕੜਾਂ ਲਿਆਇਆ ਕਰਦੇ ਸਨ। ਇਕ ਦਿਨ ਬਹੁਤ ਤੂਫਾਨ ਆਇਆ। ਆਪ ਖੂਹ ਵਿਚ ਡਿੱਗ ਪਏ। ਗੁਰੂ ਅਰਜਨ ਦੇਵ ਜੀ ਖੂਹ ਵੱਲ ਦੌੜੇ ਗਏ। ਰੱਸਾ ਖੂਹ ਵਿਚ ਲਮਕਾਇਆ ਗਿਆ। ਭਾਈ ਮੰਝ ਨੂੰ ਬਾਹਿਰ ਆਉਣ ਲਈ ਆਖਿਆ। ਪਰੰਤੂ ਭਾਈ ਮੰਝ ਨੇ ਬੇਨਤੀ ਕੀਤੀ ਕਿ ਪਹਿਲਾਂ ਲੱਕੜਾਂ ਦਾ ਗੱਠਾ ਬਾਹਿਰ ਕੱਢਿਆ ਜਾਵੇ। ਆਪ ਲੱਕੜਾਂ ਗਿੱਲੀਆਂ ਨਹੀਂ ਸਨ ਹੋਣ ਦੇਣਾ ਚਾਹੁੰਦੇ ਕਿਉਂਕਿ ਆਪ ਲੱਕੜਾ ਦਾ ਗੱਠਾ ਪਾਣੀ ਵਿਚ ਨਹੀਂ ਸੀ ਡਿੱਗਣ ਦਿੱਤਾ। ਭਾਈ ਜੀ ਦੀ ਬੇਨਤੀ ਅਨੁਸਾਰ ਪਹਿਲਾਂ ਲੱਕੜਾਂ ਦਾ ਗੱਠਾ ਬਾਹਿਰ ਕੱਢਿਆ ਗਿਆ ਅਤੇ ਬਾਦ

ਭਾਈ ਜੀ ਖੂਹ ਤੋਂ ਬਾਹਰ ਆਏ। ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਅਨੇਕ ਬਖਸ਼ਿਸ਼ਾਂ ਦਿੱਤੀਆ –

ਮੰਝ ਪਿਆਰਾ ਗੁਰੂ ਕੋ
ਗੁਰੂ ਮੰਝ ਪਿਆਰਾ॥
ਮੰਝ ਗੁਰੂ ਕਾ ਬੋਹਿਥਾ
ਜੱਗ ਲੰਘਾਵਣਹਾਰਾ॥

ਭਾਈ ਕਾਨ੍ਹ ਸਿੰਘ ਅਨੁਸਾਰ ਇਸ ਮਹਾਂਪੁਰਖ ਨੇ ਆਪਣੇ ਇਲਾਕੇ ਵਿੱਚ ਐਸਾ ਲੰਗਰ ਚਲਾਇਆ ਕਿ ਦੂਰ ਦੂਰ ਤੱਕ ਧੁਮਾਂ ਪੈ ਗਈਆਂ। ਪੰਜਾਬ ਵਿਚ 1597 ਵਿਚ ਕਾਲ ਪੈ ਗਿਆ ਗੁਰੂ ਅਰਜਨ ਦੇਵ ਜੀ ਲਹੌਰ ਵਿਖੇ ਦਸਵੰਧ ਦੀ ਰਕਮ ਨਾਲ ਲੰਗਰ ਚਲਾਇਆ ਅਤੇ ਕਾਲ-ਪੀੜਤ ਲੋਕਾਂ ਦੀ ਭੁੱਖ ਦੂਰ ਕੀਤੀ।

ਗੁਰੂ ਹਰਗੋਬਿੰਦ ਸਾਹਿਬ ਜੀ ਸਮੇਂ ਭੀ ਲੰਗਰ ਸੰਬੰਧੀ ਇਕ ਦਿਲਚਸਪ ਘਟਨਾ ਵਾਪਰੀ। ਆਪ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਸੀ। ਮਠਿਆਈ ਨਾਲ ਟੋਕਰੇ ਭਰੇ ਪਏ ਸਨ। ਸੰਗਤ ਦੂਰ ਤੋਂ ਆਈ। ਸੰਗਤ ਨੂੰ ਭੁੱਖ ਲੱਗੀ ਹੋਈ ਸੀ। ਲੰਗਰ ਹਾਲੇ ਤਿਆਰ ਹੋ ਰਿਹਾ ਸੀ। ਗੁਰੂ ਜੀ ਮਹਿਲਾਂ ਤੋਂ ਕੁਝ ਮਠਿਆਈ ਸੰਗਤ ਵਾਸਤੇ ਮੰਗੀ। ਉੱਤਰ ਮਿਲਿਆ ਕਿ ਮਠਿਆਈ ਸ਼ਗਨਾਂ ਦੀ ਹੈ ਅਤੇ ਪਹਿਲਾਂ ਬਰਾਤੀਆਂ ਛਕਣੀ ਹੈ। ਗੁਰੂ ਜੀ ਤਾਂ ਸੰਗਤਾਂ ਨੂੰ ਪੁੱਤਰਾਂ ਧੀਆਂ ਤੋਂ ਵਧੀਕ ਸਮਝਦੇ ਸਨ। ਗੁਰੂ ਜੀ ਕਿਹਾ ਕਿ ਜੇਹੜੀ ਮਠਿਆਈ ਸੰਗਤਾਂ ਨੂੰ ਨਹੀਂ ਦਿੱਤੀ ਉਹ ਤੁਰਕ ਖਾਣਗੇ। ਮਾਤਾ ਦਮੋਦਰੀ ਭੁਲ ਬਖਸ਼ਾਈ ਪਰ "ਸਾਧੂ ਬੋਲੇ ਸਹਿਜ ਸੁਭਾਇ॥ ਸਾਧੂ ਦਾ ਬੋਲਿਆ ਬਿਰਥਾ ਨ ਜਾਇ॥" ਅੰਤ ਨੂੰ ਇਹ ਮਠਿਆਈ ਤੁਰਕਾਂ ਨੇ ਖਾਧੀ ਜਦੋਂ ਗੁਰੂ ਜੀ ਦਾ ਯੁੱਧ ਮੁਖਲਿਸ ਖਾਂ ਨਾਲ ਸੰਨ 1627 ਵਿਚ ਹੋਇਆ। ਬੀਬੀ ਜੀ ਦਾ ਵਿਆਹ ਝਬਾਲ ਜਾ ਕੇ ਕੀਤਾ

ਗਿਆ ਅਤੇ ਪਿੱਛੇ ਮਠਿਆਈ ਤੁਰਕਾਂ ਖਾਧੀ। ਗੁਰੂ ਜੀ ਦਾ ਸੁਭਾ ਅਜਿਹਾ ਬ੍ਰਹਮ ਗਿਆਨੀ ਸੀ ਕਿ ਉਹ ਯੁੱਧ ਸਮੇਂ ਭੀ ਦੁਸ਼ਮਨ ਵਾਸਤੇ ਲੰਗਰ ਛੱਡ ਜਾਂਦੇ।

ਗੁਰੂ ਹਰਿ ਰਾਇ ਜੀ ਸਮੇਂ ਭਾਈ ਫੇਰੂ ਗੁਰੂ ਕੇ ਲੰਗਰ ਦੀ ਬਹੁਤ ਸ਼ਰਧਾ ਨਾਲ ਸੇਵਾ ਕਰਦਾ ਸੀ। ਉਸਨੇ ਪਿੰਡ ਮੀਆਂ ਮੌੜ ਵਿਚ ਡੇਰਾ ਕੀਤਾ ਸੀ। ਉਸਦੀ ਲੰਗਰ ਦੀ ਸੇਵਾ ਦਾ ਜਸ ਦੂਰ ਦੂਰ ਤੱਕ ਹੋਣ ਲੱਗਾ। ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਕੋਹ ਬਿਮਾਰ ਸੀ। ਗੁਰੂ ਹਰਿ ਰਾਇ ਜੀ ਦੁਆਈ ਦਿੱਤੀ ਅਤੇ ਦਾਰੇ ਦੀ ਬਿਮਾਰੀ ਦੂਰ ਹੋ ਗਈ। ਉਸਨੇ ਖੁਸ਼ ਹੋ ਕੇ ਲੰਗਰ ਵਾਸਤੇ ਜ਼ਮੀਨ ਦੇਣੀ ਚਾਹੀ। ਗੁਰੂ ਜੀ ਜਗੀਰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਉੱਤਰ ਦਿੱਤਾ ਕਿ ਲੰਗਰ ਕਿਸੇ ਜਗੀਰ ਦਾ ਆਸ਼ਾਵਦ ਨਹੀਂ ਹੈ ਸਗੋਂ ਇਹ ਤਾਂ ਸੰਗਤਾਂ ਦੀ ਸ਼ਰਧਾ ਅਤੇ ਕੁਰਬਾਨੀ ਦਾ ਸਿੱਟਾ ਹੈ। ਗਿਆਨੀ ਗਿਆਨ ਸਿੰਘ ਲੇਖਕ ਤਵਾਰੀਖ–ਖਾਲਸਾ ਅਨੁਸਾਰ ਇਹ ਉੱਤਰ ਸੁਣ ਕੇ ਦਾਰਾ ਸ਼ਿਕੋਹ ਇਹ ਜਾਣਿਆ ਕਿ ਗੁਰੂ ਜੀ ਨਿਰਲੋਭ ਅਤੇ ਵੇਪਰਵਾਹ ਹਨ। ਇਕ ਗਰੀਬ ਸਿੱਖ ਸੀ। ਉਹ ਗੁਰੂ ਘਰ ਦਾ ਬਹੁਤ ਪ੍ਰੇਮੀ ਸੀ। ਇਕ ਚਿੜੀ ਅਤੇ ਇਕ ਚਿੜਾ ਗਰੀਬ ਸਿੱਖ ਦੇ ਘਰੋਂ ਇੱਕ ਇੱਕ ਦਾਣਾ ਰੋਜ਼ ਚੁੱਕ ਕੇ ਲੰਗਰ ਵਿਚ ਪਉਣ ਲੱਗੇ। ਗਰੀਬ ਸਿੰਘ ਦੇ ਘਰ ਵਿਚ ਅੰਨ ਦੇ ਭੰਡਾਰ ਹੋਣ ਲੱਗੇ ਅਤੇ ਗਰੀਬੀ ਦੂਰ ਹੋ ਗਈ। ਗਿਆਨੀ ਗਿਆਨ ਸਿੰਘ ਅਨੁਸਾਰ ਜੋ ਲੋਕ ਯਥਾ ਸ਼ਕਤੀ ਅਨੁਸਾਰ ਧਰਮ ਵਿਚ ਪੈਸੇ ਪਾਉਂਦੇ ਹਨ, ਉਹ ਵਧਦੇ ਫੁਲਦੇ ਹਨ।

ਗੁਰੂ ਹਰਿ ਕ੍ਰਿਸ਼ਨ ਜੀ ਛੋਟੀ ਉਮਰ ਹੋਣ ਦੇ ਬਾਵਜੂਦ ਲੰਗਰ ਦੀ ਸੇਵਾ ਬਹੁਤ ਹੀ ਯੋਗਤਾ ਨਾਲ ਕੀਤੀ। ਲੋੜਵੰਦ, ਗਰੀਬ ਅਤੇ ਨਿਆਸਰੇ ਲੰਗਰ ਛਕਦੇ ਰਹੇ। ਕੀਰਤਪੁਰ ਦੇ ਪਵਿਤ੍ਰ ਸਥਾਨ ਵਿਚ ਸੰਗਤਾਂ ਲੰਗਰ ਛਕਦੀਆਂ ਅਤੇ ਹਰਿ ਜਸ ਗਾਉਂਦੀਆਂ।

ਗੁਰੂ ਤੇਗ ਬਹਾਦਰ ਜੀ ਸ਼੍ਰੀ ਅੰਮ੍ਰਿਤਸਰ ਆਏ। ਭ੍ਰਿਸ਼ਟਾਚਾਰੀ ਮਸੰਦਾਂ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰ ਦਿੱਤੇ। ਗੁਰੂ ਜੀ ਸ਼ਹਿਰ ਤੋਂ ਥੋੜੀ ਦੂਰ ਡੇਰੇ ਲਾਏ। ਜਦੋਂ ਅੰਮ੍ਰਿਤਸਰ ਦੀਆਂ ਬੀਬੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਲੰਗਰ ਤਿਆਰ ਕੀਤਾ ਅਤੇ ਗੁਰੂ ਜੀ ਪਾਸ ਲੈ ਕੇ ਆਈਆਂ। ਬੀਬੀਆਂ ਭੁੱਲ ਬਖਸ਼ਾਈ ਅਤੇ ਗੁਰੂ ਜੀ ਲੰਗਰ ਛੱਕ ਕੇ ਪਵਿੱਤ੍ਰ ਵਚਨ ਬੋਲੇ 'ਮਾਈਆਂ ਰੱਬ ਰਜਾਈਆਂ'।

ਗੁਰੂ ਗੋਬਿੰਦ ਸਿੰਘ ਜੀ ਸਮੇਂ ਅਨੰਦਪੁਰ ਸਾਹਿਬ ਵਿਖੇ ਲੰਗਰ ਚੜ੍ਹਦੀ ਕਲਾ ਵਿਚ ਸੀ। ਗੁਰੂ ਜੀ ਕਦੀ-2 ਲੰਗਰ ਦੀ ਪਰਖ ਭੀ ਕਰਦੇ। ਇਕ ਵਾਰੀ ਆਪ ਜੀ ਦੇ ਦਰਬਾਰ ਸਭ ਨੇ ਆਪਣੇ-2 ਲੰਗਰ ਦੀ ਸਿਫਤ ਕੀਤੀ। ਗੁਰੂ ਜੀ ਭੇਸ ਬਦਲਕੇ ਲੰਗਰ ਦੀ ਪਰਖ ਕੀਤੀ। ਭਾਈ ਨੰਦ ਲਾਲ ਸਿੰਘ ਜੀ ਦਾ ਲੰਗਰ ਸਭ ਤੋਂ ਉੱਤਮ ਸੀ। ਦਸ਼ਮੇਸ਼ ਪਿਤਾ ਜੀ ਦਾ ਲੰਗਰ ਵਾਰੇ ਸੰਗਤਾਂ ਨੂੰ ਉਪਦੇਸ਼ ਸੀ—

(1) ਅੰਨ ਦਾਣੇ ਦਾ ਦਾਨ ਸਭ ਤੋਂ ਉੱਤਮ ਦਾਨ ਹੈ।

ਅੰਨ ਦਾਨ ਸਮ ਨਾਹਿਨ ਅੰਨ॥

(ਸੰਤੋਖ ਸਿੰਘ—ਸੂਰਜ ਪ੍ਰਕਾਸ਼)

(2) ਜੋ ਲੰਗਰ ਦੀ ਸੇਵਾ ਕਰਦੇ ਹਨ
ਉਹ ਮਹਾਂਫੱਲ ਪ੍ਰਾਪਤ ਕਰਦੇ ਹਨ
ਲੇਹ ਮਹਾਂਫਲ ਸਿੱਖ ਸੁਜਾਨ॥

(ਸੂਰਜ ਪ੍ਰਕਾਸ਼ - ਭਾਈ ਸੰਤੋਖ ਸਿੰਘ)

(3) ਲੰਗਰ ਨੂੰ ਗੁਰੂ ਦਾ ਲੰਗਰ ਸਮਝਣਾ
ਜੇਵਹੁ ਦੇਗ ਗੁਰੂ ਕੀ ਹੋਇ॥
ਦੇਗ ਵਾਹਿਗੁਰੂ ਜੀ ਕੀ ਸੋਇ॥

(ਸੂਰਜ ਪ੍ਰਕਾਸ਼)

(4) ਗੁਰੂ ਕਾ ਸਿੱਖ ਗੁਰੂ ਕਾ ਲੰਗਰ ਜ਼ਰੂਰ ਛਕਦਾ ਹੈ—

ਨਹੀਂ ਪ੍ਰਸਾਦਿ ਦੇਗ ਕੋ ਖਾਇ ॥
ਸੋ ਨਹਿ ਗੁਰ ਕੋ ਸਿਖ ਕਦਾਇ ॥

(ਸੂਰਜ ਪ੍ਰਕਾਸ਼)

(5) ਲੰਗਰ ਹਰ ਰੋਜ਼ ਚਲੇ। ਪੁੰਨਿਆਂ ਮੱਸਿਆ ਦਾ ਖਿਆਲ ਨਹੀ ਕਰਨਾ —

ਪੁੰਨਯੋ ਦਰਸ ਆਦਿ ਜੋ ਪੁਰਬ ॥
ਨਹਿਨ ਪ੍ਰੀਤ ਖਾਹਿ ਤਿਯਾਗਹਿ ਸਰਬ ॥

(ਸੂਰਜ ਪ੍ਰਕਾਸ਼)

(6) ਵਾਹਿਗੁਰੂ ਅਰਦਾਸ ਕਰਕੇ ਅਤੇ 'ਤਵ—ਪ੍ਰਸਾਦਿ'

ਅਰਥਾਤ ਹੈ—ਹੇ ਵਾਹਿਗੁਰੂ ਤੇਰੀ ਕ੍ਰਿਪਾ ਹੈ ਜੋ ਸਾਨੂੰ ਖਾਣ ਵਾਸਤੇ ਲੰਗਰ ਮਿਲ ਰਿਹਾ ਹੈ।

ਕਹਿ ਅਰਦਾਸ ਕਰਹੁ ਬਰਤਾਵਨਿ ॥
ਤੇਰੈ ਪ੍ਰਸਾਦਿ ਕਹਿ ਛਕੇ ਛਕਾਵਨ ॥

(ਸੂਰਜ ਪ੍ਰਕਾਸ਼)

(7) ਲੰਗਰ ਛਕ ਕੇ ਅਕਾਲ ਪੁਰਖ ਦਾ ਧੰਨਵਾਦ ਕਰਨਾ ਹੈ—

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸ ਠਾਕੁਰ ਕਉ ਰਖੁ ਮਨ ਮਾਹਿ ॥

(ਸੁਖਮਨੀ ਸਾਹਿਬ—ਗੁਰੂ ਅਰਜਨ ਦੇਵ ਜੀ)

ਜੇ ਕੋਇ ਸਿੱਖ ਬਿਹੰਗਮ ਵਾਹਿਗੁਰੂ ਅਰਥ ਪ੍ਰਸਾਦਿ ਛਕਾਵੇ ਤਾਂ ਨਾਲ ਇਹ ਹੋਰ ਪਾਠ ਕਰੇ

ਸਤੋਂ ਦੇਗ ਸੰਤੋਖੀ ਖਾਇ ॥
ਨਾਨਕ ਦੇਗ ਦੀਦਾਰ ਸਮਾਇ ॥

ਇਕ ਹੋਰ ਬੇਨਤੀ ਪ੍ਰਭੂ ਅੱਗੇ ਕੀਤੀ ਜਾ ਸਕਦੀ ਹੈ — ਗੁਰਮੁਖ

ਪਿਆਰਿਓ। ਬੋਲੋ ਵਾਹਿਗੁਰੂ ॥ ਹੇ ਅਕਾਲ ਪੁਰਖ ਤੇਰੀ ਦਰਗਾ ਪ੍ਰਸ਼ਾਦਿ ਛਕਿਆ ਹੈ। ਟਹਿਲ ਭਾਵਨਾ ਪ੍ਰੇਮੀ ਦੀ ਪੂਰੀ ਹੋਵੇ ॥

ਲੋਹ ਲੰਗਰ ਤਪਦੇ ਰਹਿਣ ॥
ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹ ॥

ਲੰਗਰ ਬਣਾਉਣ ਵੇਲੇ, ਵਰਤਾਉਣ ਵੇਲੇ ਅਤੇ ਛਕਣ ਜਾਂ ਛਕਾਉਣ ਵੇਲੇ ਸਿਰ ਢੱਕਿਆ ਹੋਵੇ। ਲੰਗਰ ਤਿਆਰ ਕਰਨ ਸਮੇਂ, ਲੰਗਰ ਵਰਤਾਉਣ ਸਮੇਂ ਅਤੇ ਲੰਗਰ ਛਕਣ ਸਮੇਂ ਜਾਤ-ਪਾਤ, ਊਚ-ਨੀਚ ਅਤੇ ਛੂਤ-ਛਾਤ ਦਾ ਖਿਆਲ ਨਹੀ ਕਰਨਾ! ਲੰਗਰ ਬਣਾਉਣ, ਲੰਗਰ ਵਰਤਾਣ ਅਤੇ ਲੰਗਰ ਛਕਣ ਤੋਂ ਪਹਿਲਾਂ ਵਾਹਿਗੁਰੂ ਦਾ ਜਾਪ ਕੀਤਾ ਜਾਵੇ। ਜੂਠ ਨਹੀਂ ਛੱਡਣੀ। ਉਤਨਾ ਲੰਗਰ ਲਿਆ ਜਾਵੇ ਜਿਤਨਾ ਸੌਖ ਨਾਲ ਖਾਇਆ ਜਾ ਸਕੇ। 'ਸਿੱਖ-ਰਹਿਤ ਮਰਯਾਦਾ' ਪ੍ਰਕਾਸ਼ਕ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਅਨੁਸਾਰ ਲੰਗਰ ਵਾਰੇ ਇਹ ਭਾਵਨਾਵਾਂ ਹਨ।

(1) ਸਿੱਖ ਨੂੰ ਸੇਵਾ ਸਿਖਾਉਣੀ

(2) ਊਚ-ਨੀਚ ਛੂਤ-ਛਾਤ ਦਾ ਭੇਦ ਮਿਟਾਉਣਾ

ਗੁਰੂ ਕੇ ਲੰਗਰ ਵਿਚ ਬੈਠ ਕੇ ਕਿਸੇ ਭੀ ਜਾਤ ਜਾ ਵਰਣ, ਜਾਤ ਜਾਂ ਮਜ਼ਹਬ ਦਾ ਵਿਤਕਰਾ ਨਾ ਕਰਨਾ। ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਹੀ ਛੱਕ ਸਕਦੇ ਹਨ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ ਕਈ ਵਾਰੀ ਲੰਗਰ ਵਰਤਾਉਣ ਮਗਰੋਂ ਇਹ ਪਉੜੀ ਸੰਗਤਾਂ ਰਲ ਕੇ ਗਾਉਂਦੀਆਂ ਹਨ :

ਆਪੇ ਧਰਤੀ ਆਪ ਹੈ ਰਾਹਕੁ
ਆਪਿ ਜੰਮਾਇ ਪੀਸਾਵੈ ॥
ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ ॥
ਆਪੇ ਜਲੁ ਆਪੇ ਦੇ ਛਿੰਗਾ
ਆਪੇ ਚੁਲੀ ਭਰਾਵੈ ॥
ਆਪੇ ਸੰਗੀਤ ਸਦਿ ਬਹਾਲੇ
ਆਪੇ ਵਿਦਾ ਕਰਾਵੈ ॥
ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ
ਤਿਸਨੋ ਹੁਕਮ ਮਨਾਵੈ ॥

(ਬਿਹਾਗੜੇ ਕੀ ਵਾਰ—ਗੁਰੂ ਰਾਮ ਦਾਸ)

ਬਾਬਾ ਆਲਾ ਸਿੰਘ ਮਹਾਰਾਜਾ ਪਟਿਆਲਾ ਦੀ ਪਤਨੀ ਮਾਈ ਫਤੇ ਕੌਰ ਲੰਗਰ ਦੀ ਸੇਵਾ ਕਰ ਰਹੀ ਸੀ। ਦਾਲ ਕੁਝ ਪਤਲੀ ਸੀ। ਸਿੱਖ ਨੇ ਕਿਹਾ "ਦਾਲ ਪਤਲੀ ਹੈ, ਕੀ ਕਰਾਂ?" ਮਾਈ ਨੇ ਗੁੱਸੇ ਵਿਚ ਕਿਹਾ, "ਮੇਰੇ ਸਿਰ ਵਿਚ ਪਾ ਦੇ।" ਸਿੱਖ ਨੇ ਗਰਮ ਗਰਮ ਦਾਲ ਮਾਈ ਫਤੇ ਕੌਰ ਦੇ ਸਿਰ ਵਿਚ ਪਾ ਦਿੱਤੀ। ਫਤੇ ਕੌਰ ਨੇ ਮਹਾਰਾਜਾ ਆਲਾ ਸਿੰਘ ਕੋਲ ਸ਼ਕਾਇਤ ਕੀਤੀ। ਮਹਾਰਾਜਾ ਆਲਾ ਸਿੰਘ ਨੇ ਉੱਤਰ ਦਿੱਤਾ, "ਭੋਲੀਏ! ਦੇਗ ਦੀ ਸੇਵਾ ਕਰਕੇ ਹੀ ਰਾਜ ਭਾਗ ਮਿਲਿਆ ਹੈ ਨਹੀਂ ਤਾਂ ਤੁਰਕਾਂ ਤੱਤਾ ਤੇਲ ਸਿਰ ਵਿਚ ਪਾਉਣਾ ਸੀ। ਸ਼ੁਕਰ ਕਰ। ਤੇਰਾ ਗਰਮ ਦਾਲ ਨਾਲ ਹੀ ਛੁਟਕਾਰਾ ਹੋ ਗਿਆ।" ਇਸ ਘਟਨਾ ਦਾ ਭਾਵ ਇਹ ਹੈ ਕਿ ਲੰਗਰ ਛਕਣ ਵਾਲੇ ਅਤੇ ਛਕਾਉਣ ਵਾਲੇ ਵਿਚ ਸ਼ਾਂਤੀ ਅਤੇ ਨਿਮ੍ਰਤਾ ਚਾਹੀਦੀ ਹੈ।

ਸੰਤ ਬਾਬਾ ਨਿਧਾਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ

ਹੁਕਮ ਅਨੁਸਾਰ ਹਜ਼ੂਰ ਸਾਹਿਬ ਲੰਗਰ ਸ਼ੁਰੂ ਕੀਤਾ। ਸੰਤਾਂ ਦੀ ਭਤੀਜੀ ਬੀਬੀ ਦ੍ਰੋਪਤੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਇਕ ਸਿੰਘ ਨੇ ਪੰਜ ਬਰਤਨਾਂ ਦੀ ਸੇਵਾ ਕਰਾਈ। ਸੰਤ ਨਿਧਾਨ ਸਿੰਘ ਜੀ ਅਤੇ ਭਤੀਜੀ ਬੀਬੀ ਦ੍ਰੋਪਤੀ ਲੰਗਰ ਤਿਆਰ ਕਰਦੇ ਅਤੇ ਬਾਬਾ ਹਰਿਨਾਮ ਸਿੰਘ ਲੰਗਰ ਛਕਾਉਂਦੇ। ਸ਼ੁਰੂ ਵਿਚ ਆਮ ਕਰਕੇ ਫੌਜੀ ਸੰਤਾਂ ਦੇ ਦਰਸ਼ਨ ਕਰਨ ਆਉਂਦੇ। ਫੌਜੀਆਂ ਵਲੋਂ ਦਿੱਤੀ ਭੇਂਟਾ ਨਾਲ ਸੰਤ ਆਟਾ ਖਰੀਦਦੇ। ਪੰਜਾਬ ਅਤੇ ਦੇਸ਼ ਦੇ ਬਾਕੀ ਭਾਗਾਂ ਤੋਂ ਕਣਕ ਆਉਣ ਲੱਗੀ। ਲੰਗਰ ਵਿਚ ਸਵਾਦਲੇ ਭੋਜਨ ਬਣਨ ਲੱਗੇ। ਗੁਰਦੁਆਰਾ ਲੰਗਰ ਸਾਹਿਬ ਹਜ਼ੂਰ ਸਾਹਿਬ ਵਿਖੇ ਆਦਰਸ਼ ਲੰਗਰ ਗੁਰੂ ਵਾਹਿਗੁਰੂ ਦੀ ਬਖਸ਼ਿਸ਼ ਨਾਲ ਚੱਲ ਰਿਹਾ ਹੈ।

## ਸੇਵਾ ਦਾ ਫੱਲ

ਪ੍ਰੋਫੈਸਰ ਪ੍ਰੀਤਮ ਸਿੰਘ ਅਨੁਸਾਰ ਸਿੱਖ ਸੇਵਾਦਾਰ ਹੈ ਅਤੇ ਸਿੱਖੀ ਸੇਵਾ ਦਾ ਨਾਮ ਹੈ। ਜਥੇਦਾਰ ਲਈ ਸੇਵਾ ਪ੍ਰਮੁੱਖ ਗੁਣ ਹੈ। ਡਾਕਟਰ ਦਲੀਪ ਸਿੰਘ ਦੀਪ ਅਨੁਸਾਰ ਸਿੱਖ ਨੂੰ ਜੇ ਜਥੇਦਾਰ ਥਾਪਿਆ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਸੇਵਾਦਾਰ ਅਖਾਉਣ ਵਿਚ ਮਾਣ ਸਮਝਦਾ ਹੈ। ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਮਹਾਨ ਥੰਮ ਹਨ।

ਪ੍ਰੋਫੈਸਰ ਪ੍ਰੀਤਮ ਸਿੰਘ ਅਨੁਸਾਰ ਸੇਵਾ ਉਹ ਹੈ ਜੋ ਕਿਸੇ ਹੋਰ ਦੇ ਲਾਭ ਲਈ ਕੀਤੀ ਜਾਵੇ। ਪਰ ਉਪਕਾਰ ਕਰਨਾ ਸੇਵਾ ਹੈ। ਸੰਸਾਰ ਦੇ ਭਲੇ ਲਈ ਬਿਨਾਂ ਪੈਸੇ ਕੰਮ ਕਰਨਾ ਸੇਵਾ ਹੈ।

ਭਾਈ ਕਾਨ੍ਹ ਸਿੰਘ ਅਨੁਸਾਰ ਸੇਵਾ ਦਾ ਅਰਥ ਹੈ ਖਿਦਮਤ ਜਾਂ ਉਪਾਸਨਾ। ਖਿਦਮਤ ਭੀ ਦੋ ਪ੍ਰਕਾਰ ਦੀ ਹੁੰਦੀ ਹੈ। ਨਿਸ਼ਕਾਮ

ਜਾਂ ਸ਼ਕਾਮ। ਸੁਆਰਥ ਵਾਲੀ ਸੇਵਾ ਸਕਾਮੀ ਹੈ ਅਤੇ ਸੁਆਰਥ ਤੋਂ ਬਿਨਾ ਸੇਵਾ ਨਿਸ਼ਕਾਮੀ ਸੇਵਾ ਹੈ।

ਸਿੱਖ ਰਹਿਤ ਮਰਿਯਾਦਾ ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਨੁਸਾਰ ਸੇਵਾ ਸਿੱਖ ਧਰਮ ਦਾ ਮੁੱਖ ਅੰਗ ਹੈ। ਇਸਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਜਾਂਦਾ ਹੈ। ਸਾਧਾਰਣ ਰੂਪ ਵਿਚ ਇਹ ਸੇਵਾ ਦੇ ਨਮੂਨੇ ਹਨ--ਗੁਰਦੁਆਰੇ ਝਾੜੂ ਦੇਣਾ, ਲੇਪਣਾ, ਸੰਗਤ ਦੀ ਪਾਣੀ ਪੱਖੇ ਦੀ ਸੇਵਾ ਕਰਨੀ, ਲੰਗਰ ਦੀ ਸੇਵਾ ਅਤੇ ਜੋੜੇ ਝਾੜਨ ਦੀ ਸੇਵਾ। ਸੇਵਾ ਮਨ, ਤਨ ਅਤੇ ਧਨ ਨਾਲ ਕੀਤੀ ਜਾ ਸਕਦੀ ਹੈ। ਮਨ, ਤਨ ਅਤੇ ਧਨ ਵਿਚੋਂ ਜੇਹੜੀ ਸੇਵਾ ਸਿੱਖ ਕਰਨ ਦੀ ਸਮਰੱਥਾ ਰੱਖਦਾ ਹੋਵੇ ਪ੍ਰਵਾਨ ਹੋ ਜਾਂਦੀ ਹੈ।

ਸੇਵਾ ਵਾਹਿਗੁਰੂ, ਗੁਰੂ ਅਤੇ ਸੰਗਤ ਦੀ ਹੋ ਸਕਦੀ ਹੈ। ਵਾਹਿਗੁਰੂ ਦੀ ਸੇਵਾ ਦਾ ਅਰਥ ਸਿਮਰਨ ਹੈ—

ਹਰਿ ਕੀ ਟਹਲ ਕਮਾਵਣੀ ਜਪੀਐ
ਹਰਿ ਕਾ ਨਾਮੁ ॥

(ਰਾਗੁ ਗਉੜੀ—ਗੁਰੂ ਅਰਜਨ ਦੇਵ ਜੀ)

ਗੁਰੂ ਦੀ ਸੇਵਾ ਗੁਰੂ ਦੀ ਸਿਖਿਆ ਮਨਣੀ ਅਤੇ ਗੁਰਬਾਣੀ ਅਨੁਸਾਰ ਜੀਵਨ ਗੁਜ਼ਾਰਨਾ ਹੈ —

ਗੁਰੂ ਕੀ ਸੇਵਾ ਸ਼ਬਦੁ ਵੀਚਾਰੁ ॥

(ਰਾਗੁ ਗਉੜੀ—ਗੁਰੂ ਨਾਨਕ ਦੇਵ ਜੀ)

ਸੰਗਤ ਦੀ ਸੇਵਾ ਦਾ ਅਰਥ ਸੰਗਤ ਦੀ ਖੁਸ਼ੀ ਲਈ ਕੰਮ ਕਰਨਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ—

ਪਾਣੀ ਪਖਾ ਪੀਸੁ ਦਾਸ ਕੈ

ਤਬ ਹੋਹਿ ਨਿਹਾਲੁ ॥

(ਰਾਗੁ ਗਉੜੀ—ਗੁਰੂ ਅਰਜਨ ਦੇਵ ਜੀ)

ਨਿਸ਼ਕਾਮ ਸੇਵਾ ਗੁਰਮਤਿ ਵਿਚ ਮਹੱਤਵ ਪੂਰਨ ਨਿਸ਼ਾਨਾ ਹੈ। ਨਿਸ਼ਕਾਮ ਸੇਵਾ ਨਾਲ ਪ੍ਰਭੂ—ਪ੍ਰਾਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫੁਰਮਾਂਦੇ ਹਨ —

(ੳ) ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਅ) ਸੋ ਸੇਵਕੁ ਜੋ ਲਾਇਆ ਸੇਵ ॥
ਤਿਨ ਹੀ ਪਾਏ ਨਿਰੰਜਨ ਦੇਵ ॥

(ਰਾਗੁ ਗੋਂਡ—ਭਗਤ ਕਬੀਰ ਜੀ)

ਸੇਵਾ ਮਨ ਨੀਵਾਂ ਕਰਕੇ ਕਰਨੀ ਚਾਹੀਦੀ ਹੈ। ਹਉਮੈ ਵਿਚ ਕੀਤੀ ਸੇਵਾ ਗੁਰੂ ਪ੍ਰਵਾਨ ਨਹੀਂ ਕਰਦਾ। ਇਹ ਤਾਂ ਸਿਰਫ ਲੋਕ-ਦਿਖਾਵਾ ਹੈ। ਹਉਮੈ ਵਿਚ ਸੇਵਾ ਕਰਨੀ ਇਸ ਤਰ੍ਹਾਂ ਹੈ ਜਿਵੇਂ ਹਾਥੀ ਇਸ਼ਨਾਨ ਕਰਕੇ ਆਪਣੇ ਉਪਰ ਧੂੜ ਸੁੱਟ ਲਵੇ। ਨਿਸ਼ਕਾਮ ਸੇਵਾ ਹਉਮੈ ਨਾਲ ਨਹੀਂ ਕੀਤੀ ਜਾ ਸਕਦੀ ਸਗੋਂ ਇਹ ਤਾਂ ਹਉਮੈ ਨੂੰ ਖਤਮ ਕਰਦੀ ਹੈ।

ਪ੍ਰਮਾਣ ਹਨ —

(1) ਵਿਚਿ ਹਉਮੈ ਸੇਵਾ ਥਾਇ ਨ ਪਾਏ ॥

(ਰਾਗੁ ਮਾਰੂ—ਗੁਰੂ ਰਾਮ ਦਾਸ ਜੀ)

(2) ਪਾਨੀ ਪਖਾ ਕਰਉ ਤਜਿ ਅਭਿਮਾਨੁ ॥

(ਰਾਗੁ ਆਸਾ—ਗੁਰੂ ਅਰਜਨ ਦੇਵ ਜੀ)

ਸੇਵਾ ਕਰਨ ਨਾਲ ਮਨ ਦੀ ਮੈਲ ਉਤਰਦੀ ਹੈ। ਮਨ

ਪਰਉਪਕਾਰੀ ਬਣ ਜਾਂਦਾ ਹੈ। ਪ੍ਰਭੂ ਦਾ ਸਿਮਰਨ ਪਰਉਪਕਾਰ ਦਾ ਸੋਮਾ ਅਤੇ ਪ੍ਰੇਰਕ ਹੈ—

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥

(ਰਾਗ ਗਉੜੀ ਸੁਖਮਨੀ—ਗੁਰੂ ਅਰਜਨ ਦੇਵ ਜੀ)

ਸੇਵਾਦਾਰ ਸੇਵਾ ਕਰਨ ਨਾਲ ਬ੍ਰਹਮ ਗਿਆਨੀ ਹੋ ਜਾਂਦਾ ਹੈ। ਬ੍ਰਹਮ ਗਿਆਨੀ ਸਾਰੇ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਪ੍ਰਵਾਨ ਕਰਦਾ ਹੈ ਅਥੇ ਮਨੁੱਖਤਾ ਦੀ ਸੇਵਾ ਕਰਦਾ ਹੈ। ਭਾਈ ਕੱਨ੍ਹਈਆ ਜੀ ਜਲ ਸੇਵਾ ਕਰਨ ਨਾਲ ਸਭ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਦੇਖਦਾ ਹੈ। ਅਸਲ ਵਿਚ ਬ੍ਰਹਮ - ਗਿਆਨੀ ਦੀ ਖੁਸ਼ੀ ਪਰਉਪਕਾਰ ਕਰਨ ਵਿਚ ਹੈ —

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥

(ਰਾਗ ਗਉੜੀ ਸੁਖਮਨੀ—ਗੁਰੂ ਅਰਜਨ ਦੇਵ ਜੀ)

ਮਨੁੱਖੀ ਸਰੀਰ ਸੇਵਾ ਕਰਨ ਨਾਲ ਸਫਲ ਹੋ ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲਾ ਸੇਵਕ ਭੀ ਹੁੰਦਾ ਹੈ। ਸੇਵਾ ਅਤੇ ਸਿਮਰਨ ਇਕ ਦੂਜੇ ਦੇ ਪੂਰਕ ਹਨ। ਮੁੱਖ ਨਾਲ ਸਿਮਰਨ ਅਤੇ ਹੱਥਾਂ ਸੇਵਾ ਕਰਨ ਨਾਲ ਜੀਵਨ ਪਵਿਤ੍ਰ ਹੋ ਜਾਂਦਾ ਹੈ। ਸੇਵਾ ਅਤੇ ਸਿਮਰਨ ਨਾਲ ਸਫਲਤਾ ਮਿਲਦੀ ਹੈ। ਭਾਈ ਗੁਰਦਾਸ ਅਨੁਸਾਰ ਸੇਵਾ ਨਾਲ ਹੱਥ ਪੈਰ ਸਫਲ ਹੋ ਜਾਂਦੇ ਹਨ —

ਵਿਣ ਸੇਵਾ ਧ੍ਰਿਗ ਹੱਥ ਪੈਰ<br>
ਹੋਰ ਨਿਹਫਲ ਕਰਣੀ॥

ਨਿਸ਼ਕਾਮ ਸੇਵਾ ਸਿਰਫ ਸੰਤੋਖੀ ਮਨ ਹੀ ਕਰ ਸਕਦਾ ਹੈ। ਸੇਵਾ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੂਰ ਕਰਦੀ ਹੈ। ਸੇਵਾ ਨਾਲ ਸੰਤੋਖ ਦਾ ਵਡਮੁੱਲਾ ਗੁਣ ਪੈਦਾ ਹੁੰਦਾ ਹੈ —

ਸੇਵ ਕੀਤਈ ਸੰਤੋਖਈ
ਜਿਨ੍ਹੀ ਸਚੋ ਸਚੁ ਧਿਆਇਆ ॥

(ਆਸਾ ਦੀ ਵਾਰ—ਗੁਰੂ ਨਾਨਕ ਦੇਵ ਜੀ)

ਹਰ ਇਕ ਮਨੁੱਖ ਦੀ ਸੇਵਾ ਕਰਨੀ ਚੰਗੀ ਹੈ ਪਰੰਤੂ ਸਿੱਖ ਦੀ ਸੇਵਾ ਕਰਨੀ ਸਰਬ—ਸ੍ਰੇਸ਼ਟ ਹੈ। ਭਾਈ ਗੁਰਦਾਸ ਜੀ ਅਨੁਸਾਰ ਜੇ ਕੋਈ ਪੰਜ ਵਾਰੀ ਗੰਗਾ ਅਤੇ ਪੰਜ ਵਾਰੀ ਪ੍ਰਯਾਗ ਇਸ਼ਨਾਨ ਕਰਨ ਜਾਵੇ ਤਾਂ ਤਿਸ ਦੇ ਬਰਾਬਰ ਪੁੰਨ ਇਕ ਸਿੱਖ ਨੂੰ ਇਸ਼ਨਾਨ ਕਰਵਾਉਣ ਦਾ ਹੈ। ਜੇ ਕੋਈ ਸਿੱਖ ਨੂੰ ਭੋਜਨ ਛਕਾਵੇ ਤਾਂ ਇਹ ਅਸਮੇਧ ਜੱਗ ਕਰਨ ਦੇ ਬਰਾਬਰ ਹੈ। ਜੇ ਕੋਈ ਸੌ ਮੰਦਰ ਸੋਨੇ ਦੇ ਬਣਾ ਕੇ ਦਾਨ ਕਰੇ ਤਾਂ ਇਸਦੇ ਬਰਾਬਰ ਹੀ ਫੱਲ ਇਕ ਸਿੱਖ ਨੂੰ ਸ਼ਬਦ ਸਿਖਾਉਣ ਦਾ ਹੈ। ਇਕ ਸਿੱਖ ਦੇ ਚਰਨਾਂ ਨੂੰ ਘੁੱਟਣ ਦਾ ਫੱਲ ਵੀਹ ਸਾਧੂਆਂ ਦੇ ਦਰਸ਼ਨ ਕਰਨ ਬਰਾਬਰ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਪੰਚ ਬਾਰ ਗੰਗ ਜਾਇ
ਬਾਰ ਪੰਚ ਪ੍ਰਾਗ ਨਾਇ
ਤੈਸੇ ਪੁਨ ਏਕ ਗੁਰ ਸਿੱਖ ਕਉ ਨਿਵਾਇ ਕਾ ॥
ਸਿਖ ਕਉ ਪਿਲਾਇ ਪਾਨੀ
ਭਾਉ ਕਰਿ ਕੁਰਖੇਤ
ਅਸ੍ਵਮੇਧ ਜਗ ਫਲ
ਸਿਖ ਕਉ ਜਿਵਾਇ ਕਾ ॥
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸੇ ਪੁਨ ਸਿਖ ਕਉ ਇਕ ਸ਼ਬਦ ਸਿਖਾਇ ਕਾ ॥
ਜੈਸੇ ਬੀਸ ਬਾਰ ਦਰਸ਼ਨ ਸਾਧ ਕੀਏ ਕਾਹੂ

ਤੈਸੇ ਪੁਨ ਸਿਖ ਕਉ ਚਾਪਿ ਪਗ ਸੁਆਇ ਕਾ ॥

ਸਿੱਖ ਧਰਮ ਵਿਚ ਸੇਵਾ ਦਾ ਅਸਲੀ ਅਤੇ ਅਮਲੀ ਰੂਪ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੋ ਜਾਂਦਾ ਹੈ। ਗੁਰੂ ਜੀ ਆਪ ਦੁਖੀਆਂ, ਰੋਗੀਆਂ ਅਤੇ ਲੋੜਵੰਦਾਂ ਕੋਲ ਜਾ ਕੇ ਸਹਾਇਤਾ ਕੀਤੀ। ਬਚਪਨ ਵਿਚ ਹੀ ਆਪ ਜੀ ਨੇ ਇਕ ਕੀਮਤੀ ਛੱਲਾ ਅਤੇ ਗੜਬਾ ਗਰੀਬਾਂ ਨੂੰ ਦੇ ਦਿੱਤਾ। ਬਸਤਰ ਹੀਨ ਨੂੰ ਬਸਤਰ ਦੇ ਦਿੰਦੇ। ਕੋਹੜੀ ਦੀ ਝੌਂਪੜੀ ਵਿਚ ਜਾ ਕੇ ਕੋਹੜੀ ਦਾ ਰੋਗ ਦੂਰ ਕੀਤਾ। ਮਨੁੱਖੀ ਪਿਆਰ ਵਿਚੋਂ ਉਪਜੀ ਸੇਵਾ ਭਾਵਨਾ ਹੀ ਸੀ ਕਿ ਆਪ ਚਾਰ ਦਿਸ਼ਾਵਾਂ ਵਿਚ ਜਾ ਕੇ ਦੁੱਖੀ ਮਨੁੱਖਤਾ ਦਾ ਦੁੱਖ ਦੂਰ ਕੀਤਾ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਨਿਸ਼ਕਾਮ ਸੇਵਾ ਕੀਤੀ। ਸਿੱਖ ਇਤਿਹਾਸ ਵਿਚ ਗੁਰੂ ਅੰਗਦ ਦੀ ਸੇਵਾ ਦੀਆਂ ਅਨੇਕ ਸਾਖੀਆਂ ਮਿਲਦੀਆਂ ਹਨ। ਸੇਵਾ ਦੇ ਇਮਤਿਹਾਨ ਵਿਚੋਂ ਗੁਰੂ ਅੰਗਦ ਸਫਲ ਹੋ ਗਏ ਅਤੇ ਗੁਰ--ਗੱਦੀ ਪ੍ਰਾਪਤ ਕੀਤੀ।

ਗੁਰੂ ਅਮਰ ਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਕਠਿਨ ਸੇਵਾ ਕੀਤੀ। ਲਗਾਤਾਰ ਬਾਰਾਂ ਸਾਲ ਗੋਇੰਦਵਾਲ ਸਾਹਿਬ ਨੇੜੇ ਦਰਿਆ ਬਿਆਸ ਤੋਂ ਪਾਣੀ ਗੁਰੂ ਜੀ ਦੇ ਇਸ਼ਨਾਨ ਵਾਸਤੇ ਢੋਂਹਦੇ ਰਹੇ। ਫਿਰ ਸਾਰਾ ਦਿਨ ਲੰਗਰ ਦੀ ਸੇਵਾ ਕਰਦੇ। ਆਪ ਬਰਤਨ ਸਾਫ ਕਰਦੇ, ਝਾੜੂ ਦਿੰਦੇ ਅਤੇ ਸੰਗਤ ਨੂੰ ਪੱਖਾ ਝਲਦੇ।

ਗੁਰੂ ਰਾਮ ਦਾਸ ਨੂੰ ਭੀ ਗੁਰ—ਗੱਦੀ ਪ੍ਰਾਪਤ ਕਰਨ ਵਾਸਤੇ ਟਹਿਲ ਦੀ ਸਖਤ ਪ੍ਰੀਖਿਆ ਪਾਸ ਕਰਨੀ ਪਈ। ਆਪ ਗੁਰੂ ਜੀ ਦੇ ਹੁਕਮ ਨੂੰ ਸਤਿ ਕਰਕੇ ਮੰਨਦੇ। ਗੁਰੂ ਅਮਰ ਦਾਸ ਸੰਗਤ ਵਾਸਤੇ ਥੜਾ ਬਣਾਉਣ ਵਾਸਤੇ ਮੋਹਨ, ਮੋਹਰੀ ਅਤੇ ਭਾਈ ਜੇਠਾ ਜੀ ਨੂੰ ਹੁਕਮ ਕੀਤਾ। ਥੜਾ ਬਣਾਇਆ ਗਿਆ। ਗੁਰੂ ਜੀ ਪਸੰਦ ਨਾ ਕੀਤਾ ਅਤੇ ਢਾਹ ਦਿੱਤਾ। ਦੂਜੀ ਵਾਰੀ ਬਣਾਇਆ ਫਿਰ ਢਾਹ ਦਿੱਤਾ

ਤੀਜੀ ਵਾਰੀ ਮੋਹਰੀ ਅਤੇ ਮੋਹਨ ਹੁਕਮ ਨ ਮੰਨਿਆ ਪਰ ਬਾਈ ਜੇਠਾ (ਗੁਰੂ ਰਾਮ ਦਾਸ) ਤਿੰਨ ਵਾਰੀ ਬਣਾਇਆ। ਭਾਈ ਲਾਲ ਚੰਦ ਗੁਰੂ ਜੀ ਲਈ ਹੀਰੇ ਜਵਾਹਰਾਤ ਦਾ ਕੰਠਾ ਲੈ ਕੇ ਆਇਆ। ਗੁਰੂ ਜੀ ਇਹ ਕੀਮਤੀ ਕੰਠਾ ਗਰੀਬਾਂ ਨੂੰ ਦੇ ਦਿੱਤਾ। ਭਾਈ ਲਾਲ ਚੰਦ ਗੁਰੂ ਜੀ ਨੂੰ ਬੇਨਤੀ ਕੀਤੀ ਕੇ ਇਹ ਤੁਹਾਡੇ ਵਾਸਤੇ ਹੈ। ਗੁਰੂ ਜੀ ਕਿਹਾ, "ਇਹ ਸਾਨੂੰ ਪਹੁੰਚ ਗਿਆ ਹੈ। ਤੇਰੀ ਸੇਵਾ ਪ੍ਰਵਾਨ ਹੋ ਗਈ ਹੈ। ਗਰੀਬਾਂ ਦੀ ਸੇਵਾ ਮੇਰੀ ਸੇਵਾ ਹੈ।" ਬਾਬਾ ਆਦਮ ਮਾਲਵੇ ਦਾ ਰਹਿਣ ਵਾਲਾ ਸੀ। ਕੋਈ ਪੁੱਤਰ ਨਹੀਂ ਸੀ। ਗੁਰੂ ਰਾਮ ਦਾਸ ਦੇ ਦਰਬਾਰ ਵਿਚ ਸੇਵਾ ਕਰਨ ਲੱਗਾ। ਹਰ ਰੋਜ਼ ਜੰਗਲ ਵਿਚੋਂ ਲੰਗਰ ਵਾਸਤੇ ਲੱਕੜਾਂ ਕੱਟ ਕੇ ਲਿਆਉਂਦਾ। ਗੁਰੂ ਜੀ ਸੇਵਾ ਦੀ ਭਾਵਨਾ ਦੇਖ ਕੇ ਨਿਹਾਲ ਹੋ ਗਏ। ਪੁੱਤਰ ਦੀ ਬਖਸ਼ਿਸ਼ ਕੀਤੀ। ਬਾਬੇ ਆਦਮ ਦੇ ਘਰ ਪੁੱਤਰ ਹੋਇਆ ਅਤੇ ਨਾਮ ਭਗਤੂ ਰੱਖਿਆ ਗਿਆ। ਸੇਵਾ ਕਰਨ ਨਾਲ ਮਨ ਦੀਆ ਇਛਾਵਾਂ ਪੂਰੀਆਂ ਹੁੰਦੀਆਂ ਹਨ। ਸੰਨ 1597 ਵਿਚ ਪੰਜਾਬ ਵਿਚ ਕਾਲ ਪੈ ਗਿਆ। ਗੁਰੂ ਅਰਜਨ ਦੇਵ ਜੀ ਦਸਵੰਧ ਦੀ ਰਕਮ ਲੰਗਰ ਚਲਾਉਣ ਅਤੇ ਖੂਹ ਲੁਆਉਣ ਲਈ ਵਰਤੀ। ਵਿਸਾਖੀ ਦੇ ਸਮੇਂ ਸੇਵਾਦਾਰਾਂ ਨੂੰ ਵੱਖ-2 ਸੇਵਾ ਵੰਡੀ ਪਰੰਤੂ ਆਪ ਜੂਠੇ ਭਾਂਡੇ ਮਾਂਜਣ ਦੀ ਸੇਵਾ ਸੰਭਾਲੀ। ਸੰਗਤਾਂ ਦੀ ਆਉ ਭਗਤ ਅੰਮ੍ਰਿਤਸਰ ਸ਼ਹਿਰ ਤੋਂ ਬਾਹਿਰ ਆ ਕੇ ਕਰਦੇ। ਗਰਮੀਆਂ ਨੂੰ ਆਪ ਗੁਰੂ ਜੀ ਸੰਗਤਾਂ ਨੂੰ ਪੱਖਾ ਝਲਦੇ ਅਤੇ ਸਿਆਲ ਨੂੰ ਅੱਗ ਬਾਲ੍ਹ ਕੇ ਸੰਗਤਾਂ ਦੀ ਠੰਡ ਦੂਰ ਕਰਦੇ।

ਅੰਮ੍ਰਿਤਸਰ ਸਰੋਵਰ ਦੀ ਉਸਾਰੀ ਸਮੇਂ ਪੱਕੀਆਂ ਇੱਟਾਂ ਦੀ ਲੋੜ ਸੀ। ਪਰੰਤੂ ਕੱਚੀਆਂ ਇੱਟਾਂ ਨੂੰ ਪਕਾਉਣ ਲਈ ਮੈਲ੍ਹੇ ਦੀ ਲੋੜ ਸੀ। ਭਾਈ ਬਹਿਲੋ ਜੀ ਨੇ ਸਿਰ ਉੱਤੇ ਕੂੜਾ ਕਰਕਟ ਚੁੱਕਣ ਦੀ ਬਹੁਤ ਸੇਵਾ ਕੀਤੀ। ਗੁਰੂ ਅਰਜਨ ਦੇਵ ਜੀ ਭਾਈ ਜੀ ਦੀ ਸੇਵਾ

ਦੇਖ ਕੇ ਬਹੁਤ ਖੁਸ਼ ਹੋਏ ਅਤੇ "ਭਾਈ ਬਹਿਲੋ ਸਭ ਤੋਂ ਪਹਿਲੋ" ਦੀ ਬਖਸ਼ਿਸ਼ ਕੀਤੀ।

ਗੁਰੂ ਹਰਗੋਬਿੰਦ ਜੀ ਅਨੁਸਾਰ ਸੰਗਤ ਦੀ ਸੇਵਾ ਗੁਰੂ ਜੀ ਦੀ ਸੇਵਾ ਹੈ। ਇਕ ਵਾਰੀ ਕੁਝ ਸਿੱਖ ਗੁਰੂ ਜੀ ਲਈ ਸ਼ਹਿਦ ਲੈ ਕੇ ਆਏ। ਇਕ ਗਰੀਬ ਸਿੱਖ ਭਾਈ ਕੱਟੂ ਜੀ ਨੇ ਸ਼ਹਿਦ ਚਖਣ ਲਈ ਮੰਗਿਆ। ਪਰੰਤੂ ਸਿੱਖਾਂ ਨੇ ਦੇਣ ਤੋਂ ਨਾਂਹ ਕਰ ਦਿੱਤੀ। ਜਦੋਂ ਗੁਰੂ ਹਰਗੋਬਿੰਦ ਜੀ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਆਪ ਸ਼ਹਿਦ ਖਾਣ ਤੋਂ ਨਾਂਹ ਕਰ ਦਿੱਤੀ।

ਗੁਰੂ ਹਰਿ ਰਾਏ ਸਾਹਿਬ ਕੋਮਲ ਦਿਲ ਸਨ। ਸੇਵਾ ਭੀ ਕੋਮਲ ਦਿਲ ਹੀ ਕਰ ਸਕਦਾ ਹੈ ਜਿਹੜਾ ਦੁਖੀ ਲਈ ਹਮਦਰਦੀ ਅਤੇ ਤਰਸ ਕਰਦਾ ਹੋਵੇ। ਗੁਰੂ ਜੀ ਕੋਲ ਦਵਾਖਾਨਾ ਸੀ। ਆਪ ਬਿਮਾਰਾਂ ਨੂੰ ਮੁਫਤ ਦੁਆਈ ਵੰਡਦੇ। ਜ਼ਖਮੀ ਪੰਛੀਆਂ ਨੂੰ ਭੀ ਮਲ੍ਹਮ ਪੱਟੀ ਕਰਦੇ। ਆਪ ਜੀ ਦਾ ਸੰਗਤਾਂ ਨੂੰ ਉਪਦੇਸ਼ ਸੀ—

ਮਨ ਸਿਖ ਹੋਇ ਸੁ ਸੇਵਾ ਕਰੇ ॥
ਨੀਵੇ ਮਨ ਭਗਤੀ ਕੋ ਧਰੇ ॥

(ਸੂਰਜ ਪ੍ਰਕਾਸ਼—ਭਾਈ ਸੰਤੋਖ ਸਿੰਘ)

ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਹੈਜ਼ੇ ਦੀ ਬੀਮਾਰੀ ਸਮੇਂ ਰੋਗੀਆਂ ਦੀ ਸਹਾਇਤਾ ਕੀਤੀ। ਭਾਵੇਂ ਆਪ ਭੀ ਬਿਮਾਰ ਹੋ ਗਏ ਪਰ ਆਪ ਜੀ ਨੇ ਸੇਵਾ ਨਾ ਤਿਆਗੀ ਭਾਵੇਂ ਆਪ ਜੀ ਨੂੰ ਆਪਣਾ ਜੀਵਨ ਅਰਪਣ ਕਰਨਾ ਪਿਆ।

ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਦੇ ਤੁਫਾਨ ਨੂੰ ਸ਼ਾਂਤ ਕਰਨ ਲਈ ਸੀਸ ਭੇਂਟ ਕਰਨ ਦੀ ਸੇਵਾ ਕੀਤੀ। ਭਾਈ ਮੀਹਾਂ ਨੇ ਸੰਗਤਾਂ ਦੀ ਜਲ ਨਾਲ ਬਹੁਤ ਸੇਵਾ ਕੀਤੀ। ਸੰਗਤਾਂ ਭਾਈ ਜੀ ਨੂੰ 'ਮੀਹਾਂ'

ਹੀ ਕਹਿਣ ਲੱਗ ਗਈਆਂ। ਗੁਰੂ ਤੇਗ ਬਹਾਦਰ ਨੇ ਭਾਈ 'ਮੀਹੇਂ' ਦੀ ਸੇਵਾ ਦੇਖ ਪ੍ਰਸਨ ਹੋ ਅਨੇਕ ਬਖਸ਼ਿਸ਼ਾਂ ਕੀਤੀਆਂ।

ਗੁਰੂ ਗੋਬਿੰਦ ਸਿੰਘ ਜੀ ਇਕ ਨੌਜਵਾਨ ਤੋਂ ਪਾਣੀ ਮੰਗਿਆ। ਗੁਰੂ ਜੀ ਦੇਖਿਆ ਕਿ ਨੌਜਵਾਨ ਦੇ ਹੱਥ ਬਹੁਤ ਸਾਫ ਹਨ। ਗੁਰੂ ਜੀ ਲੜਕੇ ਤੋਂ ਇਸ ਦਾ ਕਾਰਨ ਪੁੱਛਿਆ। ਲੜਕੇ ਉੱਤਰ ਦਿੱਤਾ ਕਿ ਉਸ ਨੇ ਕਦੀ ਕਿਸੇ ਦੀ ਸੇਵਾ ਨਹੀਂ ਕੀਤੀ। ਗੁਰੂ ਜੀ ਨੇ ਪਾਣੀ ਨਹੀਂ ਪੀਤਾ ਅਤੇ ਆਖਿਆ ਕਿ ਉਹ ਉਸ ਵਿਅਕਤੀ ਤੋਂ ਪਾਣੀ ਨਹੀਂ ਪੀਣਗੇ ਜਿਸ ਕਦੀ ਸੇਵਾ ਨਹੀਂ ਕੀਤੀ। ਅਨੰਦਪੁਰ ਸਾਹਿਬ ਵਿਖੇ ਮੁਗਲਾਂ ਅਤੇ ਸਿੱਖਾਂ ਦਾ ਯੁੱਧ ਹੋ ਰਿਹਾ ਸੀ। ਭਾਈ ਕਨ੍ਹੱਈਆ ਜੀ ਸਭ ਨੂੰ ਪਾਣੀ ਪਿਲਾ ਰਹੇ ਸਨ ਭਾਵੇਂ ਕੋਈ ਸਿੱਖ ਸੀ ਜਾਂ ਮੁਸਲਮਾਨ। ਗੁਰੂ ਕੋਲ ਸ਼ਕਾਇਤ ਕੀਤੀ ਗਈ। ਗੁਰੂ ਜੀ ਨੇ ਭਾਈ ਜੀ ਨੂੰ ਸੱਦਿਆ ਅਤੇ ਕਾਰਨ ਪੁੱਛਿਆ। ਭਾਈ ਕਨ੍ਹਈਆ ਜੀ ਉੱਤਰ ਦਿੱਤਾ ਕਿ ਉਸਨੂੰ ਤਾਂ ਸਭ ਦਾ ਮੁੱਖ ਗੁਰੂ ਜੀ ਦਾ ਮੁੱਖ ਨਜ਼ਰ ਆ ਰਿਹਾ ਹੈ। ਸੇਵਾ ਦੀ ਭਾਵਨਾ ਜਾਤ-ਪਾਤ ਅਤੇ ਧਰਮ ਦੀਆਂ ਹੱਦਾਂ ਟੱਪ ਜਾਂਦੀ ਹੈ।

ਜ਼ਕਰੀਆ ਖਾਨ ਦਾ ਸਮਾਂ ਸੀ। ਉਸਨੇ ਮਜ਼ਬੂਰ ਹੋ ਕੇ ਸਿੰਘਾਂ ਨਾਲ ਸਮਝੌਤਾ ਕਰਨਾ ਚਾਹਿਆ। ਸੰਨ 1733 ਨੂੰ ਭਾਈ ਸੁਬੇਗ ਸਿੰਘ ਨੂੰ ਸਿੱਖਾਂ ਕੋਲ ਭੇਜਿਆ ਗਿਆ। ਉਹ ਦਰਬਾਰਾ ਸਿੰਘ ਪਾਸ ਪੁੱਜੇ ਅਤੇ ਆਉਣ ਦਾ ਮੰਤਵ ਦੱਸਿਆ ਕਿ ਜ਼ਕਰੀਆ ਖਾਨ ਸਿੱਖਾਂ ਨੂੰ ਨਵਾਬੀ ਅਤੇ ਜਗੀਰ ਦੇ ਕੇ ਸਮਝੌਤਾ ਕਰਨਾ ਚਾਹੁੰਦਾ ਹੈ। ਵਿਚਾਰ ਕੀਤੀ ਗਈ ਕਿ ਨਵਾਬੀ ਕਿਸ ਨੂੰ ਦਿੱਤੀ ਜਾਵੇ। ਉਸ ਸਮੇਂ ਸ: ਕਪੂਰ ਸਿੰਘ ਸੰਗਤਾਂ ਨੂੰ ਪੱਖਾ ਝੱਲ ਰਹੇ ਸਨ। ਸ: ਦਰਬਾਰਾ ਸਿੰਘ ਖੁਸ਼ ਹੋ ਕੇ ਨਵਾਬੀ ਦੀ ਪਦਵੀ ਸ: ਕਪੂਰ ਸਿੰਘ ਨੂੰ ਦਿੱਤੀ ਜੋ ਕੇ

ਮਹਾਨ ਨਿਸ਼ਕਾਮ ਸੇਵਕ ਸਨ। ਸ: ਕਪੂਰ ਸਿੰਘ ਨੇ ਭਾਵੇਂ ਨਵਾਬ ਦਾ ਖਿਤਾਬ ਪ੍ਰਾਪਤ ਕਰ ਲਿਆ ਪਰੰਤੂ ਪੱਖਾ ਝੱਲਣ ਅਤੇ ਹੋਰ ਸੇਵਾ ਨਹੀਂ ਛੱਡੀ। ਸਿੱਖ ਧਰਮ ਵਿਚ ਸੇਵਾਦਾਰ ਹੀ ਜਥੇਦਾਰ ਬਣਨ ਦਾ ਅਧਿਕਾਰੀ ਹੈ।

ਸੰਤ ਬਾਬਾ ਨਿਧਾਨ ਸਿੰਘ ਜੀ ਲੰਗਰ ਦੀ ਸੇਵਾ ਤੋਂ ਇਲਾਵਾ ਹੋਰ ਸੇਵਾ ਵੀ ਕਰਦੇ ਸਨ। ਆਪ ਸੰਗਤ ਨੂੰ ਇਸ਼ਨਾਨ ਕਰਾਉਂਦੇ। ਤੇਲ ਸਾਬਣ ਦੀ ਭੀ ਸੇਵਾ ਕਰਦੇ। ਸੰਗਤ ਨੂੰ ਪੱਖਾ ਝੱਲਦੇ। ਸੰਗਤ ਗੁਰੂ ਦਾ ਰੂਪ ਹੁੰਦੀ ਹੈ। ਆਪ ਜੀ ਨੂੰ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਕਤੀਆਂ ਅਥਾਹ ਪ੍ਰੇਰਣਾ ਦਿੰਦੀਆਂ ਸਨ —

(ੳ) ਤਿਸ ਗੁਰ ਕਉ ਝੁਲਾਵਉ ਪਾਖਾ ॥
ਮਹਾ ਅਗਨਿ ਤੇ ਹਾਥੁ ਦੇ ਰਾਖਾ ॥
(ਗੁਰੂ ਅਰਜਨ—ਰਾਗੁ ਗਉੜੀ)

(ਅ) ਤਿਸ ਗੁਰ ਕੇ ਗ੍ਰਿਹਿ ਢੋਵਉ ਪਾਣੀ ॥
ਜਿਸ ਗੁਰ ਤੇ ਅਕਲਗਤਿ ਜਾਣੀ ॥
(ਗੁਰੂ ਅਰਜਨ—ਰਾਗੁ ਗਉੜੀ)

ਪ੍ਰੋਫੈਸਰ ਦਰਸ਼ਨ ਸਿੰਘ ਕੋਮਲ ਆਪਣੀ ਪੁਸਤਕ 'ਕੋਮਲ ਰਚਨਾਵਲੀ' ਵਿਚ ਸੇਵਾ ਦੇ ਸੰਬੰਧ ਵਿਚ ਲਿਖਦੇ ਹਨ —

(1) ਚਾਹੁੰਦੇ ਹੋ ਕੋਈ ਤੁਸੀਂ ਜੇ ਦੁਨੀਆਂ ਦਾ ਮੇਵਾ,
ਭਰ ਭਰ ਲਉ ਏਤੋਂ ਝੋਲੀਆਂ
ਕਰ ਕਰ ਕੇ ਸੇਵਾ ॥

(2) ਸੇਵਾ ਜੇਹੀ ਨ ਜਗ ਤੇਰ ਚੀਜ਼ ਕੋਈ

ਸੇਵਾ ਰੱਬ ਨੂੰ ਤੁਰੰਤ ਮਿਲਾ ਦਿੰਦੀ ॥
ਚੁੱਕ ਕੇ ਫਰਸ਼ ਤੋਂ ਅਰਸ਼ ਤੱਾਂ ਲੈ ਜਾਵੇ,
ਸੇਵਾ ਤਖਤ ਤੇ ਦੁਨੀਆਂ ਬਿਠਾ ਦਿੰਦੀ ॥

(3) ਸੇਵਾ ਸੰਸਾਰ ਦੇ ਬੰਦਿਆ ਦਾ
ਚਿੱਤ ਰੱਬ ਦੀ ਤਰਫ ਲਗਾ ਦਿੰਦੀ ॥
ਊਚ ਨੀਚ ਦੇ ਫਰਕਾਂ ਨੂੰ ਦੂਰ ਕਰਕੇ
ਖਾਲਕ ਖਲਕਤ ਦੇ ਵਿਚ ਦਿਖਾ ਦਿੰਦੀ ॥

ਸੇਵਾਦਾਰ ਦਾਨੀ ਜਾਂ ਪੁੰਨ ਕਰਤਾ ਅਖਾਉਣ ਦਾ ਆਦੀ ਨਹੀਂ। ਉਹ ਸੇਵਾ ਕਰਨਾ ਹੀ ਆਪਣਾ ਧਰਮ ਸਮਝਦਾ ਹੈ। ਸੇਵਾ ਕਰਨਾ ਹੀ ਉਸ ਵਾਸਤੇ ਸਵਰਗ ਦਾ ਅਨੰਦ ਹੈ। ਇਕ ਵਾਰੀ ਪ੍ਰਸਿੱਧ ਇਤਿਹਾਸਕਾਰ ਕਨਿਘੰਮ ਇਕ ਨਿਹੰਗ ਸਿੰਘ ਨੂੰ ਮਿਲਿਆ ਜੋ ਸੜਕ ਬਣਾਉਣ ਲਈ ਪੱਥਰ ਕੁੱਟ ਰਿਹਾ ਸੀ। ਸੰਗਤ ਵਾਸਤੇ ਸੜਕ ਬਣਾਉਣ ਵਾਸਤੇ ਨਿਹੰਗ ਸਿੰਘ ਦੇ ਮਨ ਵਿਚ ਅਥਾਹ ਜੋਸ਼ ਅਤੇ ਲਗਨ ਸੀ। ਉਸਨੂੰ ਪਾਣੀ ਜਾ ਰੋਟੀ ਦੀ ਵੀ ਪਰਵਾਹ ਨਹੀਂ ਸੀ। ਕਨਿਘਮ ਨੇ ਨਿਹੰਗ ਸਿੰਘ ਨਾਲ ਗਲਬਾਤ ਕੀਤੀ। ਨਿਹੰਗ ਸਿੰਘ ਨੇ ਉੱਤਰ ਦਿੱਤਾ ਕਿ ਉਸਨੂੰ ਸ਼ਾਬਾਸ਼ ਜਾਂ ਵਡਿਆਈ ਦੀ ਲੋੜ ਨਹੀਂ ਕਿਉਂਕਿ ਉਹ ਕੋਈ ਪੁੰਨ ਨਹੀਂ ਕਰ ਰਿਹਾ ਸਗੋਂ ਸੇਵਾ ਕਰ ਰਿਹਾ ਹੈ ਜੋ ਗੁਰੂ ਦਾ ਹੁਕਮ ਹੈ ਅਤੇ ਸੇਵਾ ਕਰਨਾ ਸੇਵਾਦਾਰ ਦਾ ਧਰਮ ਹੈ।

# ਨਗਰਾਂ ਵਿਚ ਕੀਰਤਨ ਦੀਵਾਨ

ਗੁਰਮਤਿ ਦਾ ਪ੍ਰਚਾਰ ਅਤੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਸੰਬੰਧੀ ਗਿਆਨ ਦੇਣ ਵਾਸਤੇ ਭਾਈ ਸਾਹਿਬ ਭਾਈ ਰਸ਼ਪਾਲ ਸਿੰਘ, ਸ: ਸਤਪਾਲ ਸਿੰਘ ਸਾਬਕਾ ਪ੍ਰਿੰਸੀਪਲ, ਸ: ਦਿਲਬਾਗ ਸਿੰਘ, ਸ: ਦਰਸ਼ਨ ਸਿੰਘ ਅਤੇ ਸ: ਬੰਤਾ ਸਿੰਘ ਨੇ ਵੱਖ-ਵੱਖ ਨਗਰਾਂ ਵਿਚ ਰਾਤ ਸਮੇਂ ਕੀਰਤਨ ਕੀਤਾ। ਕੀਰਤਨ ਦਾ ਸਮਾਂ ਰਾਤ 8 ਵਜੇ ਤੋਂ 10 ਵਜੇ ਤਕ ਹੁੰਦਾ। ਸੰਤ ਦਾ ਜੀਵਨ ਸੁਆਇਆ ਜਾਂਦਾ। ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਸੁਣਨ, ਪੜ੍ਹਨ ਅਤੇ ਕਮਾਈ ਕਰਨ ਦਾ ਉਪਦੇਸ਼ ਦਿੱਤਾ ਜਾਂਦਾ। ਨਸ਼ਿਆਂ ਦਾ ਖੰਡਨ ਕੀਤਾ ਜਾਂਦਾ। ਗੁਰਬਾਣੀ ਅਨੁਸਾਰ ਸੰਤ ਦੇ ਗੁਣ ਦਸ ਕੇ ਪਖੰਡੀ ਸੰਤਾਂ ਤੋਂ ਬਚਣ ਵਾਸਤੇ ਸਾਵਧਾਨ ਕੀਤਾ ਜਾਂਦਾ। ਵੱਖ-ਵੱਖ ਪਿੰਡਾਂ ਦੇ ਨਾਮ ਅਤੇ ਕੀਰਤਨ ਤਰੀਖਾਂ ਹੇਠ ਲਿਖੇ ਅਨੁਸਾਰ ਹਨ —

| ਨੰ: | ਪਿੰਡ ਦਾ ਨਾਮ | ਤਾਰੀਖ |
|---|---|---|
| (1) | ਖੁਰਮਪੁਰ | 25 ਜਨਵਰੀ 1983 |
| (2) | ਅਜਨੋਹਾ | 31 ਜਨਵਰੀ 1983 |
| (3) | ਪੰਜੌੜਾ | 1 ਫਰਵਰੀ 1983 |
| (4) | ਨੰਗਲ-ਠਿੰਡਲ | 8 ਫਰਵਰੀ 1983 |
| (5) | ਵਾਹਦ | 12 ਫਰਵਰੀ 1983 |


| | | |
|---|---|---|
| (6) | ਨਰੂੜ | 17 ਫਰਵਰੀ 1983 |
| (7) | ਪਾਂਸ਼ਟਾ | 25 ਫਰਵਰੀ 1983 |
| (8) | ਕੂਕੋਵਾਲ | 26 ਫਰਵਰੀ 1983 |
| (9) | ਡਾਂਡੀਆਂ | 9 ਮਾਰਚ 1983 |
| (10) | ਜਲਵੇਹੜਾ | 14 ਅਪ੍ਰੈਲ 1983 |
| (11) | ਗੁਜਰਾਤਾਂ | 4 ਸਤੰਬਰ 1983 |
| (12) | ਪਧਿਆਣਾ | 25 ਫਰਵਰੀ 1984 |
| (13) | ਡਰੋਲੀ ਕਲਾਂ | 3 ਮਾਰਚ 1984 |
| (14) | ਟੋਡਰਪੁਰ | 29 ਅਪਰੈਲ 1984 |
| (15) | ਨਡਾਲੋਂ | 27 ਮਈ 1984 |

ਨੋਟ:- ਇਸ ਤੋਂ ਬਾਦ ਜਿਨ੍ਹਾਂ ਨਗਰਾਂ ਵਿਚ ਕੀਰਤਨ ਦਰਬਾਰ ਹੋਵੇਗਾ। ਉਹਨਾਂ ਦੇ ਨਾਮ ਦੂਜੇ ਐਡੀਸ਼ਨ ਵਿਚ ਛਾਪ ਦਿੱਤੇ ਜਾਣਗੇ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਿਹ॥

# ਬੰਸਾਵਲੀ ਨਾਮਾ


ਕੇਰਾ ਸਿੰਘ
ਉੱਤਮ ਸਿੰਘ
ਅਤਰ ਸਿੰਘ
ਈਸ਼ਰ ਸਿੰਘ
ਮਹਾਂ ਸਿੰਘ
ਸੰਤ ਨਿਧਾਨ ਸਿੰਘ
ਦਰੋਪਤੀ
ਖੁਸ਼ੀਆ ਸਿੰਘ
ਸੰਤੋਖ ਸਿੰਘ
ਹਰੀ ਸਿੰਘ
ਪਿਆਰਾ ਸਿੰਘ
ਦਾਰਾ ਸਿੰਘ
ਸਰਵਣ ਸਿੰਘ
ਕੇਵਲ ਸਿੰਘ




ਸੰਤ ਬਾਬਾ ਹਰਿਨਾਮ ਸਿੰਘ ਜੀ
(ਹਜ਼ੂਰ ਸਾਹਿਬ)



ਸੰਤ ਬਾਬਾ ਆਤਮਾ ਸਿੰਘ ਜੀ ਮੋਨੀ
(ਹਜ਼ੂਰ ਸਾਹਿਬ)



ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲੇ
ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ




ਜਨਮ ਸਥਾਨ ਬਾਬਾ ਨਿਧਾਨ ਸਿੰਘ ਜੀ
(ਪਿੰਡ ਨਡਾਲੋਂ)



ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਜੀ
(ਪਿੰਡ ਨਡਾਲੋਂ)



ਅੰਗੀਠਾ ਸਾਹਿਬ ਸੰਤ ਬਾਬਾ ਦੀਵਾਨ ਸਿੰਘ ਜੀ ਪਿੰਡ ਨਡਾਲੋਂ



ਬਾਹਿਰਲਾ ਦ੍ਰਿਸ਼ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ
ਸੰਤ ਨਿਧਾਨ ਸਿੰਘ ਜੀ ਨਡਾਲੋਂ



ਨਗਰ ਕੀਰਤਨ ਸਮੇਂ ਪੰਜ ਪਿਆਰੇ ਗੇਟ
ਸੰਤ ਬਾਬਾ ਨਿਧਾਨ ਸਿੰਘ ਜੀ ਜਨਮ ਅਸਥਾਨ ਪਿੰਡ ਨਡਾਲੋਂ ਵਿਖੇ



ਸੰਤ ਬਾਬਾ ਨਿਧਾਨ ਸਿੰਘ ਜੀ ਅਤੇ ਥੱਲੇ ਕੁਰਸੀ ਨਾਲ
ਹੀ ਬੈਠੀ ਭਤੀਜੀ ਬੀਬੀ ਦ੍ਰੋਪਦੀ ਪਿੰਡ ਖੁਰਸਪੁਰ



ਸੱਜੇ ਤੋਂ ਖੱਬੇ ਨੰਬਰ 4 ਸੰਤ ਬਾਬਾ ਕਰਤਾਰ ਸਿੰਘ ਜੀ ਗੋਇੰਦਵਾਲ ਸਾਹਿਬ
ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਪਿੰਡ ਨਡਾਲੋਂ ਦਾ ਨੀਂਹ ਪੱਥਰ ਰੱਖਦੇ ਹੋਏ।
ਨੰਬਰ 5 ਸੰਤ ਬਾਬਾ ਆਤਮਾ ਸਿੰਘ ਮੋਨੀ ਜੀ



ਕੁਰਸੀ ਤੇ ਬਿਰਾਜਮਾਨ ਸੰਤ ਨਿਧਾਨ ਸਿੰਘ ਜੀ



ਸਿੰਘ ਸਾਹਿਬ ਤ੍ਰਲੋਚਨ ਸਿੰਘ ਜੀ ਜਥੇਦਾਰ ਸ੍ਰੀ ਕੇਸ ਗੜ੍ਹ
ਅਨੰਦਪੁਰ ਸਾਹਿਬ ਨੂੰ ਸਨਮਾਨਿਤ ਕਰਦੇ ਹੋਏ।



ਸੰਗਤ ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਨਡਾਲੋਂ



ਗੁ. ਲੰਗਰ ਸਾਹਿਬ, ਨੰਦੇੜ



ਤਾਲਾਂ, ਸੰਤ ਬਾਬਾ ਨਿਧਾਨ ਸਿੰਘ ਜੀ, ਹਜ਼ੂਰ ਸਾਹਿਬ




ਕੜੇ, ਕੇਸ ਅਤੇ ਸੋਟੀ, ਬਾਬਾ ਨਿਧਾਨ ਸਿੰਘ ਜੀ, ਹਜ਼ੂਰ ਸਾਹਿਬ



ਗੁਰਦੁਆਰਾ ਲੰਗਰ ਸਾਹਿਬ
ਹਜ਼ੂਰ ਸਾਹਿਬ



ਖੜਾਵਾਂ ਅਤੇ ਸੋਟੀ
ਸੰਤ ਬਾਬਾ ਨਿਧਾਨ ਸਿੰਘ ਜੀ, ਹਜ਼ੂਰ ਸਾਹਿਬ



ਜਨਮ ਸਥਾਨ -
ਸੰਤ ਬਾਬਾ ਦੀਵਾਨ ਸਿੰਘ ਜੀ (ਨਡਾਲੋਂ)



ਸੰਤ ਆਤਮਾ ਸਿੰਘ ਮੋਨੀ ਜੀ
ਸੰਗਤ ਨੂੰ ਸੰਬੋਧਨ ਕਰਦੇ ਹੋਏ।



ਸੰਤ ਬਾਬਾ ਕਰਤਾਰ ਸਿੰਘ ਜੀ ਗੋਇੰਦਵਾਲ ਸਾਹਿਬ ਵਾਲਿਆਂ ਨੇ

ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਜੀ ਨਡਾਲੋਂ ਦੀ ਕਾਰ ਸੇਵਾ ਕੀਤੀ।



ਨਗਰ ਕੀਰਤਨ।



ਸੰਤ ਬਾਬਾ ਨਿਧਾਨ ਸਿੰਘ ਜੀ (ਨਡਾਲੋਂ)



ਸੰਤ ਬਾਬਾ ਨਿਧਾਨ ਸਿੰਘ ਜੀ (ਨਡਾਲੋਂ)



ਦਰਸ਼ਨੀ ਡਿਉੜੀ - ਗੁ. ਸੰਤ ਬਾਬਾ ਦੀਵਾਨ ਸਿੰਘ ਜੀ

ਸੰਤ ਨਿਧਾਨ ਸਿੰਘ ਜੀ ਨਡਾਲੋਂ